Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 12 | Tuesday, January 18, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਧਮਾਕੇ ਵਾਲੀ ਥਾਂ ਤੋਂ ਮਿਲੇ ਚਾਰ ਵਿਅਕਤੀਆਂ ਦੇ ਪਿੰਜਰ

ਓਟਵਾ, 17 ਜਨਵਰੀ (ਪੋਸਟ ਬਿਊਰੋ) : ਵੱਡੀ ਧਮਾਕੇ ਵਾਲੀ ਥਾਂ ਤੋਂ ਚਾਰ ਲੋਕਾਂ ਦੇ ਪਿੰਜਰ ਮਿਲੇ ਹਨ। ਜ਼ਿਕਰਯੋਗ ਹੈ ਕਿ ਓਟਵਾ ਵਿੱਚ ਟੈਂਕਰ ਟਰੱਕ ਦਾ ਨਿਰਮਾਣ ਕਰਨ ਵਾਲੀ ਫੈਸਿਲਿਟੀ ਵਿੱਚ ਹੋਏ ਧਮਾਕੇ ਤੋਂ ਬਾਅਦ ਅੱਗ ਲੱਗ ਗਈ ਸੀ। ਅਧਿਕਾਰੀਆਂ ਨੇ ਆਖਿਆ ਕਿ ਉਹ ਇਸ ਥਾਂ ਤੋਂ ਪਿੰਜਰ ਹਾਸਲ ਨਹੀਂ ਕਰ ਸਕਦੇ ਕਿਉਂਕਿ ਇਹ ਥਾਂ ਕਾਫੀ ਖਤਰਨਾਕ ਹੈ।

ਜਾਂਚਕਾਰਾਂ ਨੇ ਦੱਸਿਆ ਕਿ ਮੈਰੀਵੇਲ ਰੋਡ ਉੱਤੇ ਸਥਿਤ ਈਸਟਵੇਅ ਟੈਂਕ ਉੱਤੇ ਬੀਤੇ ਦਿਨੀਂ ਇਹ ਧਮਾਕਾ ਹੋਇਆ ਸੀ। ਜਾਂਚਕਾਰਾਂ ਦਾ ਅਜੇ ਵੀ ਇਹ ਆਖਣਾ ਹੈ ਕਿ ਇਸ ਧਮਾਕੇ ਦੇ ਕਾਰਨਾਂ ਬਾਰੇ ਹੁਣੇ ਜਾਣਕਾਰੀ ਦੇਣਾ ਜਲਦਬਾਜ਼ੀ ਹੋਵੇਗੀ। ਇਸ ਸਾਈਟ ਉੱਤੇ ਮਲਬਾ, ਕੈਮੀਕਲ ਤੇ ਨਾਜ਼ੁਕ ਢਾਂਚਾ ਆਦਿ ਮੌਜੂਦ ਹਨ। ਇਸ ਦੇ ਨਾਲ ਹੀ ਖਰਾਬ ਮੌਸਮ ਵੀ ਜਾਂਚ ਵਿੱਚ ਅੜਿੱਕਾ ਪਾ ਰਿਹਾ ਹੈ।



ਓਟਵਾ ਪੁਲਿਸ ਇੰਸਪੈਕਟਰ ਫਰੈਂਕ ਦਾਓਸਟ ਨੇ ਆਖਿਆ ਕਿ ਜਾਂਚ ਦੇ ਤੀਜੇ ਦਿਨ ਮਲਬੇ ਨੂੰ ਬੜੀ ਹੀ ਸਾਵਧਾਨੀ ਨਾਲ ਹਟਾਏ ਜਾਣ, ਛਤ ਤੇ ਕੰਧਾਂ ਦੇ ਟੁਕੜਿਆਂ ਨੂੰ ਸਾਫ ਕਰਨ ਤੇ ਇਮਾਰਤ ਅੰਦਰ ਮੌਜੂਦ ਸਾਜ਼ੋ ਸਮਾਨ ਦੇ ਟੁਕੜਿਆਂ ਨੂੰ ਹੌਲੀ ਹੌਲੀ ਹਟਾਇਆ ਜਾ ਰਿਹਾ ਹੈ। ਇੱਥੇ ਮੌਜੂਦ ਚੀਜ਼ਾਂ ਜਾਂਚਕਾਰਾਂ ਲਈ ਵੀ ਖਤਰਨਾਕ ਹਨ। ਰੀਜਨਲ ਸੁਪਰਵਾਈਜ਼ਿੰਗ ਕੌਰੋਨਰ ਨੇ ਆਖਿਆ ਕਿ ਜਿੰਨੀ ਦੇਰ ਤੱਕ ਸਾਰੇ ਮ੍ਰਿਤਕਾਂ ਦੀ ਸ਼ਨਾਖਤ ਨਹੀਂ ਹੋ ਜਾਂਦੀ ਓਨੀ ਦੇਰ ਇਸ ਸਬੰਧੀ ਐਲਾਨ ਨਹੀਂ ਕੀਤਾ ਜਾ ਸਕਦਾ।

## ਕੈਨੇਡਾ ਪੋਸਟ ਵਲੋਂ ਦੱਖਣੀ ਤੇ ਪੂਰਬੀ ਓਨਟਾਰੀਓ ਵਿਚ ਡਲਿਵਰੀ ਸਰਵਿਸ ਮੁਲਤਵੀ

ਓਨਟਾਰੀਓ, 17 ਜਨਵਰੀ (ਪੋਸਟ ਬਿਊਰੋ) : ਸੋਮਵਾਰ ਨੂੰ ਬਰਫੀਲੇ ਤੂਫਾਨ ਕਾਰਨ ਕੈਨੇਡਾ ਪੋਸਟ ਵੱਲੋਂ ਦੱਖਣੀ ਤੇ ਪੂਰਬੀ ਓਨਟਾਰੀਓ ਵਿੱਚ ਡਲਿਵਰੀ ਸਰਵਿਸ ਮੁਲਤਵੀ ਕਰ ਦਿੱਤੀ ਗਈ।

ਇਸ ਕ੍ਰਾਊਨ ਕਾਰਪੋਰੇਸ਼ਨ ਨੇ ਇੱਕ ਬਿਆਨ ਜਾਰੀ ਕਰਦਿਆਂ ਆਖਿਆ ਕਿ ਬਰਫੀਲੇ ਤੂਫਾਨ ਕਾਰਨ ਰੈੱਡ ਡਲਿਵਰੀ ਸਰਵਿਸ




ਐਲਰਟ ਜਾਰੀ ਕੀਤਾ ਗਿਆ ਹੈ। ਕੈਨੇਡਾ ਪੋਸਟ ਨੇ ਦੱਸਿਆ ਕਿ ਇਸ ਤਰ੍ਹਾਂ ਦਾ ਐਲਰਟ ਖਰਾਬ ਮੌਸਮ ਕਾਰਨ ਕਿਸੇ ਖਾਸ ਕਮਿਊਨਿਟੀ ਜਾਂ ਸਮੁੱਚੀ ਪ੍ਰੋਵਿੰਸ ਲਈ ਜਾਰੀ ਕੀਤਾ ਜਾ ਸਕਦਾ ਹੈ।

ਹਾਲਾਤ ਸੁਧਰਨ ਤੋਂ ਬਾਅਦ ਡਲਿਵਰੀ ਸੁਰੂ ਕਰ ਦਿੱਤੀ ਜਾਵੇਗੀ। ਕੈਨੇਡਾ ਪੋਸਟ ਨੇ ਆਖਿਆ ਕਿ ਸਾਡੇ ਮੁਲਾਜ਼ਮਾਂ ਦੀ ਸੇਫਟੀ ਸਾਡੇ ਲਈ ਮੁੱਖ ਤਰਜੀਹ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

## ਬਰਫੀਲੇ ਤੂਫਾਨ ਕਾਰਨ ਪੀਲ ਵਿੱਚ ਸਕੂਲ ਕੀਤੇ ਗਏ ਬੰਦ, ਨਹੀਂ ਲਾਈਆਂ ਜਾਣਗੀਆਂ ਵਰਚੂਅਲ ਕਲਾਸਾਂ

ਟੋਰਾਂਟੋ, 17 ਜਨਵਰੀ (ਪੋਸਟ ਬਿਊਰੋ) : ਸੋਮਵਾਰ ਨੂੰ ਆਏ ਬਰਫੀਲੇ ਤੂਫਾਨ ਕਾਰਨ ਪੀਲ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਸ ਵੱਲੋਂ ਨਾ ਹੀ ਇਨ ਪਰਸਨ ਤੇ ਨਾ ਹੀ ਵਰਚੂਅਲ ਕਲਾਸਾਂ ਲਾਈਆਂ ਜਾਣਗੀਆਂ। ਇਸ ਦੌਰਾਨ ਡਫਰਿਨ ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਤੈਅ ਕੀਤਾ ਗਿਆ ਹੈ ਕਿ ਇਸ ਤੂਫਾਨ ਕਾਰਨ ਇਨ ਪਰਸਨ ਕਲਾਸਾਂ ਨਹੀਂ ਲਾਈਆਂ ਜਾਣਗੀਆਂ ਪਰ ਆਨਲਾਈਨ ਕਲਾਸਾਂ ਲਾਈਆਂ ਜਾਣਗੀਆਂ।

ਪੀਲ ਵਿੱਚ ਸਾਰੀਆਂ ਸਕੂਲ ਫੈਸਿਲਿਟੀਜ਼ ਬੰਦ ਰਹਿਣਗੀਆਂ ਤੇ ਕੋਈ ਸਕੂਲ ਬੱਸ ਸਰਵਿਸ ਵੀ ਨਹੀਂ ਹੋਵੇਗੀ। ਪੀਡੀਐਸਬੀ ਨੇ ਆਖਿਆ ਕਿ ਸਿਸਟਮ ਬੰਦ ਕਰਨ ਦਾ ਮਤਲਬ ਹੈ ਕਿ ਸਕੂਲ ਵਿੱਚ ਕੀਤੀਆਂ ਜਾਣ ਵਾਲੀਆਂ ਸਾਰੀਆਂ ਗਤੀਵਿਧੀਆਂ, ਜਿਨ੍ਹਾਂ ਵਿੱਚ ਚਾਈਲਡਕੇਅਰ, ਨਾਈਟ ਸਕੂਲਜ਼ ਤੇ ਪਰਮਿਟਸ ਵੀ ਰੱਦ ਕੀਤੇ



ਜਾਣਗੇ।

ਖਰਾਬ ਮੌਸਮ ਕਾਰਨ ਯੂਨੀਵਰਸਿਟੀ ਆਫ ਟੋਰਾਂਟੋ-ਮਿਸੀਸਾਗਾ ਤੇ ਪੀਲ ਸਥਿਤ ਸ਼ੈਰੀਡਨ ਕਾਲਜ ਕੈਂਪਸ ਵੀ ਬੰਦ ਰਹਿਣਗੇ ਪਰ ਵਰਚੂਅਲ ਕਲਾਸਾਂ ਨਿਰਧਾਰਤ ਸ਼ਡਿਊਲ ਅਨੁਸਾਰ ਜਾਰੀ ਰਹਿਣਗੀਆਂ। ਪੀਲ ਰੀਜਨ, ਐਨਵਾਇਰਮੈਂਟ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਚੇਤਾਵਨੀ ਤਹਿਤ ਹੈ। ਐਨਵਾਇਰਮੈਂਟ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਐਡਵਾਈਜ਼ਰੀ ਤਹਿਤ ਸੋਮਵਾਰ ਨੂੰ ਇੱਥੇ 25 ਤੋਂ 35 ਸੈਂਟੀਮੀਟਰ ਤੱਕ ਸਨੋਅਫਾਲ ਹੋ ਸਕਦੀ ਹੈ।

ਮੌਸਮ ਵਿੱਚ ਸੁਧਾਰ ਹੋਣ ਤੱਕ ਲੋਕਾਂ ਨੂੰ ਗੈਰ ਜ਼ਰੂਰੀ ਟਰੈਵਲ ਤੋਂ ਬਚਣ ਲਈ ਆਖਿਆ ਗਿਆ ਹੈ। ਖਰਾਬ ਮੌਸਮ ਕਾਰਨ ਹੀ ਮੈਟਰੋਲਿੰਕਸ ਦੀ ਤਰਜ਼ਮਾਨ ਐਨ ਮੈਰੀ ਆਈਕਿਨਜ਼ ਨੇ ਆਖਿਆ ਕਿ ਗੋ ਬੱਸਾਂ ਵਿੱਚ ਵੀ 15 ਤੋਂ 45 ਮਿੰਟ ਦੀ ਦੇਰ ਹੋ ਸਕਦੀ ਹੈ। ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਵੱਲੋਂ ਵੀ ਟਰੈਵਲਰਜ਼ ਨੂੰ ਪੀਅਰਸਨ ਦੀ ਵੈੱਬਸਾਈਟ ਤੇ ਏਅਰਲਾਈਨ ਦੀ ਵੈੱਬਸਾਈਟ ਉੱਤੇ ਆਪਣੀਆਂ ਉਡਾਨਾਂ ਦਾ ਸਟੇਟਸ ਚੈੱਕ ਕਰਦੇ ਰਹਿਣ ਦੀ ਸਲਾਹ ਦਿੱਤੀ ਗਈ ਹੈ।

## ਕੋਵਿਡ-19 ਲਈ ਘਰ ਵਿੱਚ ਹੀ ਲਈ ਜਾ ਸਕਣ ਵਾਲੀ ਐਂਟੀਵਾਇਰਲ ਦਵਾਈ ਨੂੰ ਹੈਲਥ ਕੈਨੇਡਾ ਨੇ ਦਿੱਤੀ ਮਨਜ਼ੂਰੀ

ਓਟਵਾ, 17 ਜਨਵਰੀ (ਪੋਸਟ ਬਿਊਰੋ) : ਹੈਲਥ ਕੈਨੇਡਾ ਨੇ ਫਾਈਜ਼ਰ ਦੇ ਕੋਵਿਡ-19 ਐਂਟੀਵਾਇਰਲ ਟਰੀਟਮੈਂਟ ਪੈਕਸਲੋਵਿਡ ਨੂੰ ਦੇਸ਼ ਵਿੱਚ ਵਰਤੋਂ ਲਈ ਮਨਜ਼ੂਰੀ ਦੇ ਦਿੱਤੀ ਹੈ। ਇਹ ਪਹਿਲੀ ਅਜਿਹੀ ਐਂਟੀਵਾਇਰਲ ਦਵਾਈ ਹੈ ਜਿਸ ਨੂੰ ਘਰ ਵਿੱਚ ਹੀ ਕੈਨੇਡੀਅਨਜ਼ ਲੈ ਸਕਣਗੇ ਤੇ ਇਹ ਕੋਵਿਡ-19 ਦੇ ਹਲਕੇ ਤੋਂ ਦਰਮਿਆਨੇ ਲੱਛਣਾਂ ਦਾ ਇਲਾਜ ਕਰ ਸਕੇਗੀ।

ਫੈਡਰਲ ਹੈਲਥ ਏਜੰਸੀ ਦਾ ਕਹਿਣਾ ਹੈ ਕਿ ਇਹ ਪ੍ਰਿਸਕ੍ਰਿਪਸ਼ਨ ਵਾਲੀ ਦਵਾਈ ਹੈ ਜਿਸ ਨੂੰ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਬਾਲਗ ਲੈ ਸਕਣਗੇ, ਬਸ਼ਰਤੇ ਉਨ੍ਹਾਂ ਦਾ ਕੋਵਿਡ-19 ਟੈਸਟ ਪਾਜ਼ੀਟਿਵ ਆਇਆ ਹੋਵੇ ਤੇ ਉਹ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੇ ਕੰਢੇ ਉੱਤੇ ਹੋਣ। ਇਹ ਮਨਜ਼ੂਰੀ ਸਖ਼ਤ ਹਦਾਇਤਾਂ ਨਾਲ ਮਿਲੀ ਹੈ, ਬਾਕਾਇਦਾ ਇਹ ਦੱਸਿਆ ਗਿਆ ਹੈ ਕਿ ਕਿਸ ਸੂਰਤ ਵਿੱਚ ਇਸ ਦਵਾਈ ਦੀ ਵਰਤੋਂ ਨਹੀਂ ਹੋ ਸਕੇਗੀ। ਇਸ ਦਵਾਈ ਦੀ ਵਰਤੋਂ ਕੋਵਿਡ-19 ਇਨਫੈਕਸ਼ਨ ਰੋਕਣ ਲਈ



ਨਹੀਂ ਹੋ ਸਕੇਗੀ ਜਾਂ ਉਨ੍ਹਾਂ ਮਰੀਜ਼ਾਂ ਦਾ ਇਲਾਜ ਕਰਨ ਲਈ ਨਹੀਂ ਹੋ ਸਕੇਗੀ ਜਿਹੜੇ ਕੋਵਿਡ-19 ਦੇ ਗੰਭੀਰ ਰੂਪ ਲੈਣ ਕਾਰਨ ਪਹਿਲਾਂ ਹੀ ਹਸਪਤਾਲਾਂ ਵਿੱਚ ਭਰਤੀ ਹਨ।

ਇਹ ਦਵਾਈ-ਦੋ ਐਂਟੀਵਾਇਰਲ ਮੈਡੀਸਿਨਜ਼ ਨੂੰ ਇੱਕਠਿਆਂ ਪੈਕ ਕੀਤਾ ਗਿਆ ਹੈ-ਲਗਾਤਾਰ ਪੰਜ ਦਿਨ ਤੋਂ ਜ਼ਿਆਦਾ ਇੱਕਠਿਆਂ ਨਹੀਂ ਲਈ ਜਾ ਸਕਦੀ, ਨਾ ਹੀ ਇਹ ਟੀਨਜ਼ ਜਾਂ ਬੱਚਿਆਂ ਨੂੰ ਹੀ ਦਿੱਤੀ ਜਾ ਸਕਦੀ ਹੈ। ਹੈਲਥ ਕੈਨੇਡਾ ਦੀ ਚੀਫ ਮੈਡੀਕਲ ਐਡਵਾਈਜ਼ਰ ਡਾ. ਸੁਪਰੀਆ ਸ਼ਰਮਾ ਨੇ ਆਖਿਆ ਕਿ ਕੋਵਿਡ-19 ਦੇ ਨਵੇਂ ਵੇਰੀਐਂਟ ਖਿਲਾਫ ਇਹ ਨਵਾਂ ਟੂਲਕਿੱਟ ਮਿਲਿਆ ਹੈ ਤੇ ਹਾਈ ਰਿਸਕ ਲੋਕਾਂ ਲਈ ਇਹ ਵਧੇਰੇ ਪਹੁੰਚ ਵਿੱਚ ਰਹਿਣ ਵਾਲਾ ਐਂਟੀਵਾਇਰਲ ਇਲਾਜ ਹੈ।

ਉਨ੍ਹਾਂ ਆਖਿਆ ਕਿ ਭਾਵੇਂ ਇਸ ਇਲਾਜ ਨਾਲ ਕੋਵਿਡ-19 ਮਰੀਜ਼ਾਂ ਦੀ ਗਿਣਤੀ ਘਟਾਉਣ ਵਿੱਚ ਮਦਦ ਮਿਲੇਗੀ ਪਰ ਪੈਕਸਲੋਵਿਡ ਸਮੇਤ ਕੋਈ ਵੀ ਦਵਾਈ ਵੈਕਸੀਨੇਸ਼ਨ ਦਾ ਬਦਲ ਨਹੀਂ ਹੈ। ਇਸ ਓਰਲ ਦਵਾਈ ਲਈ ਫਾਈਜ਼ਰ ਨੇ ਪਹਿਲੀ ਦਸੰਬਰ, 2021 ਨੂੰ ਕਲੀਨਿਕਲ ਡਾਟਾ ਜਮ੍ਹਾਂ ਕਰਵਾਇਆ ਸੀ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor 416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7


CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Royal Pest Control
Residential | Commercial | Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr™
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਪੰਜਾਬ ਵਿੱਚ ਚੋਣਾਂ 6 ਦਿਨ ਮੁਲਤਵੀ, ਵੋਟਿੰਗ 14 ਦੀ ਥਾਂ 20 ਫਰਵਰੀ ਨੂੰ ਹੋਵੇਗੀ

ਚੰਡੀਗੜ੍ਹ, 17 ਜਨਵਰੀ, (ਪੋਸਟ ਬਿਊਰੋ)- ਪੰਜਾਬਵਿਧਾਨ ਸਭਾ ਦੀਆਂ ਇਸ 14 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਦੀ ਤਰੀਕ ਛੇ ਦਿਨ ਮੁਲਤਵੀ ਕਰ ਦਿੱਤੀ ਗਈ ਹੈ ਤੇ ਇਹ ਵੋਟਿੰਗ ਨਵੇਂ ਪ੍ਰਬੰਧ ਅਨੁਸਾਰ 14 ਦੀ ਬਜਾਏ 20 ਫਰਵਰੀ ਨੂੰ ਹੋਵੇਗੀ। ਇਹ ਫ਼ੈਸਲਾ ਅੱਜ ਚੋਣ ਕਮਿਸ਼ਨ ਦੀ ਬੈਠਕ ਵਿਚ ਲਿਆ ਗਿਆ ਹੈ।

ਭਾਰਤ ਦੇ ਚੋਣ ਕਮਿਸ਼ਨ ਦੇ ਫ਼ੈਸਲੇ ਮੁਤਾਬਕ ਪੰਜਾਬ ਵਿੱਚ ਚੋਣਾਂ ਦਾ ਨੋਟੀਫਿਕੇਸ਼ਨ 25 ਜਨਵਰੀ ਨੂੰ ਜਾਰੀ ਹੋਣ ਨਾਲ ਸ਼ੁਰੂ ਹੋ ਕੇ ਨਾਮਜ਼ਦਗੀਆਂ ਦੀ ਆਖਰੀ ਤਾਰੀਖ਼ 1 ਫਰਵਰੀ ਹੋਵੇਗੀ ਤੇ 2 ਫਰਵਰੀ ਨੂੰ ਪੜਤਾਲ ਪਿੱਛੋਂ 4 ਫਰਵਰੀ ਤੱਕ ਉਮੀਦਵਾਰ ਆਪਣੇ ਕਾਗਜ਼ ਵਾਪਸ ਲੈ ਸਕਣਗੇ ਅਤੇ 20 ਤਾਰੀਖ਼ ਨੂੰ ਵੋਟਾਂ ਪੈਣਗੀਆਂ।ਚੋਣ ਕਮਿਸ਼ਨ ਨੇ ਵੋਟਾਂ ਦੀ ਗਿਣਤੀਵਾਲੀ ਤਰੀਕ ਨਹੀਂ ਬਦਲੀ, ਇਹ ਗਿਣਤੀ ਪਹਿਲਾਂ ਤੈਅ ਤਾਰੀਖ਼

*** ਭਗਤ ਰਵੀਦਾਸ ਜੈਅੰਤੀ ਦੇ ਕਾਰਨ ਫੈਸਲਾ ਬਦਲਿਆ**

ਅਨੁਸਾਰ 10 ਮਾਰਚ ਨੂੰ ਹੋਵੇਗੀ।ਅੱਜ ਚੋਣ ਕਮਿਸ਼ਨ ਨੇ ਇਹ ਫੈਸਲਾ ਗੁਰੂ ਰਵਿਦਾਸ ਜੈਅੰਤੀ ਦੇ ਕਾਰਨ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਵੋਟਾਂ



ਦੀ ਤਾਰੀਖ਼ 14 ਫਰਵਰੀ ਤੋਂ ਅੱਗੇ ਪਾਉਣ ਦੀ ਮੰਗ ਉੱਤੇ ਵਿਚਾਰ ਕਰਨ ਲਈ ਕੀਤੀ ਬੈਠਕ ਦੌਰਾਨਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਹੋਰ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਸੀ ਕਿ ਗੁਰੂ ਰਵਿਦਾਸ ਜੀ ਜੈਅੰਤੀ ਮਨਾਉਣ ਲਈ ਪੰਜਾਬ ਦੇ ਲੱਖਾਂ ਸ਼ਰਧਾਲੂ ਉਨ੍ਹੀਂ ਦਿਨੀਂ ਵਾਰਾਣਸੀ ਗਏ ਹੋਣ ਕਾਰਨ 14 ਫਰਵਰੀ ਨੂੰ ਆਪਣੇ ਵੋਟ ਦੀ ਵਰਤੋਂ ਨਹੀਂ ਕਰ ਸਕਣਗੇ। ਇਸ ਕਾਰਨ ਵੋਟਾਂ ਦੀ ਤਾਰੀਖ਼ ਅੱਗੇ ਪਾਈ ਜਾਵੇ ਤਾਂ ਜੋ ਇਹ ਸ਼ਰਧਾਲੂ ਵੀ ਆਪਣੀ ਵੋਟ ਪਾ ਸਕਣ। ਇਸ ਦੇ ਬਾਅਦ ਚੋਣ ਕਮਿਸ਼ਨ ਨੇ ਵੋਟਾਂ ਪਾਉਣ ਦੀ ਤਰੀਕ ਬਦਲੀ ਹੈ, ਜਿਸ ਦਾ ਸਾਰੀਆਂ ਧਿਰਾਂ ਨੇ ਸਵਾਗਤ ਕੀਤਾ ਅਤੇ ਇਹ ਤਰੀਕ ਬਦਲਾਉਣ ਦਾ ਸਿਹਰਾ ਲੈਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ।

## ਫੋਰਡ ਦੀ ਮਕਬੂਲੀਅਤ ਘਟੀ : ਰਿਪੋਰਟ

ਓਨਟਾਰੀਓ, 17 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਚੋਣਾਂ ਵਿੱਚ ਪੰਜ ਮਹੀਨੇ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਅਜਿਹੇ ਵਿੱਚ ਪ੍ਰੀਮੀਅਰ ਡੱਗ ਫੋਰਡ ਦੀ ਮਕਬੂਲੀਅਤ ਉਨ੍ਹਾਂ ਦੇ ਸਮੁੱਚੇ ਕਾਰਜਕਾਲ ਨਾਲੋਂ ਇਸ ਸਮੇਂ ਸੱਭ ਤੋਂ ਹੇਠਲੇ ਪੱਧਰ ਉੱਤੇ ਪਹੁੰਚ ਚੁੱਕੀ ਹੈ।



ਐਂਗਸ ਰੀਡ ਇੰਸਟੀਚਿਊਟ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ 67 ਦੇ ਮੁਕਾਬਲੇ ਸਿਰਫ 30 ਫੀ ਸਦੀ ਨੇ ਹੀ ਪ੍ਰੀਮੀਅਰ ਵਜੋਂ ਫੋਰਡ ਵੱਲੋਂ ਕੀਤੇ ਜਾ ਰਹੇ ਕੰਮ ਦੀ ਸ਼ਲਾਘਾ ਕੀਤੀ।ਇਸ ਸਰਵੇਖਣ ਵਿੱਚ 1081 ਬਾਲਗਾਂ ਨੇ ਹਿੱਸਾ ਲਿਆ। ਪ੍ਰੀਮੀਅਰ ਦੀ ਰੇਟਿੰਗ ਅਕਤੂਬਰ ਦੇ ਮੁਕਾਬਲੇ ਛੇ ਅੰਕ ਘੱਟ ਗਈ ਹੈ, ਉਸ ਸਮੇਂ 36 ਫੀ ਸਦੀ ਲੋਕਾਂ ਨੇ ਇਹ ਮੰਨਿਆ ਸੀ ਕਿ ਫੋਰਡ ਜਿਹੋ ਜਿਹਾ ਕੰਮ ਕਰ ਰਹੇ ਹਨ ਉਹ ਉਸ ਦਾ ਸਮਰਥਨ ਕਰਦੇ ਹਨ।

55 ਸਾਲ ਤੇ ਇਸ ਤੋਂ ਵੱਧ ਉਮਰ ਦੇ 52 ਫੀ ਸਦੀ ਲੋਕਾਂ ਵਿੱਚ ਫੋਰਡ ਦੀ ਮਕਬੂਲੀਅਤ ਜ਼ਿਆਦਾ ਹੈ। ਪਰ 18 ਤੋਂ 24 ਸਾਲ ਉਮਰ ਵਰਗ ਦੇ 26 ਫੀ ਸਦੀ ਲੋਕਾਂ ਵਿੱਚ ਤੇ 35 ਤੋਂ 54 ਸਾਲ ਦੇ ਲੋਕਾਂ ਵਿੱਚ ਫੋਰਡ ਦੀ ਲੋਕਪ੍ਰਿਅਤਾ ਘਟੀ ਹੈ।ਫੈਡਰਲ ਕੰਜ਼ਰਵੇਟਿਵ ਪਾਰਟੀ ਲਈ ਵੋਟ ਕਰਨ ਵਾਲਿਆਂ ਦਰਮਿਆਨ ਵੀ ਫੋਰਡ ਦੀ ਮਕਬੂਲੀਅਤ 51 ਫੀ ਸਦੀ ਹੀ ਰਹਿ ਗਈ ਹੈ।ਮਹਾਂਮਾਰੀ ਨਾਲ ਜਿਸ ਤਰ੍ਹਾਂ ਫੋਰਡ ਵੱਲੋਂ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਹੈ ਜਾਂ ਕੋਸ਼ਿਸ਼ ਕੀਤੀ ਜਾ ਰਹੀ ਹੈ ਉਸ ਦੇ ਆਧਾਰ ਉੱਤੇ 31 ਫੀ ਸਦੀ ਲੋਕਾਂ ਮੁਤਾਬਕ ਫੋਰਡ ਨੇ ਮਾੜਾ ਕੰਮ ਕੀਤਾ ਹੈ ਜਦਕਿ 37 ਫੀ ਸਦੀ ਲੋਕਾਂ ਮੁਤਾਬਕ ਫੋਰਡ ਨੇ ਬਹੁਤ ਮਾੜਾ ਕੰਮ ਕੀਤਾ ਹੈ।ਛੇ ਫੀ ਸਦੀ ਲੋਕਾਂ ਦਾ ਮੰਨਣਾ ਹੈ ਕਿ ਫੋਰਡ ਨੇ ਮਹਾਂਮਾਰੀ ਦੌਰਾਨ ਬਹੁਤ ਵਧੀਆ ਕੰਮ ਕੀਤਾ, ਜਦਕਿ 23 ਫੀ ਸਦੀ ਦਾ ਕਹਿਣਾ ਹੈ ਕਿ ਫੋਰਡ ਨੇ ਚੰਗਾ ਕੰਮ ਕੀਤਾ।

ਐਂਗਸ ਰੀਡ ਪੋਲ ਵਿੱਚ ਪਾਇਆ ਗਿਆ ਕਿ 65 ਫੀ ਸਦੀ ਲੋਕਾਂ ਦਾ ਮੰਨਣਾ ਹੈ ਕਿ ਫੋਰਡ ਸਰਕਾਰ ਨੇ ਵੈਕਸੀਨੇਸ਼ਨ ਦੇ ਮਾਮਲੇ ਵਿੱਚ ਚੰਗਾ ਕੰਮ ਕੀਤਾ ਜਦਕਿ 73 ਫੀ ਸਦੀ ਦਾ ਮੰਨਣਾ ਹੈ ਕਿ ਪ੍ਰੀਮੀਅਰ ਨੇ ਮਾੜਾ ਕੰਮ ਕੀਤਾ ਤੇ ਜਾਂ ਫਿਰ ਰੈਪਿਡ ਐਂਟੀਜਨ ਟੈਸਟਸ ਉਪਲਬਧ ਕਰਵਾਕੇ ਬਹੁਤ ਮਾੜਾ ਕੰਮ ਕੀਤਾ। ਭਾਵੇਂ ਫੋਰਡ ਦੀ ਮਕਬੂਲੀਅਤ ਘਟੀ ਹੈ ਪਰ ਉਹ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ (26 ਫੀ ਸਦੀ) ਤੇ ਮੈਨੀਟੋਬਾ ਦੇ ਪ੍ਰੀਮੀਅਰ ਹੈਦਰ ਸਟੀਫਨਸਨ (21 ਫੀ ਸਦੀ) ਤੋਂ ਅੱਗੇ ਹਨ।

## ਬਰਫੀਲੇ ਤੂਫਾਨ ਕਾਰਨ ਟੀਡੀਐਸਬੀ ਸਮੇਤ ਕਈ ਹੋਰ ਸਕੂਲ ਅੱਜ ਵੀ ਰਹਿਣਗੇ ਬੰਦ

ਟੋਰਾਂਟੋ, 17 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਵਿੱਚ ਜਿਸ ਦਿਨ ਸਕੂਲ ਖੁੱਲ੍ਹਣੇ ਸਨ ਉਸ ਦਿਨ ਹੀ ਬਰਫੀਲਾ ਤੂਫਾਨ ਆਉਣ ਕਾਰਨ ਰੀਜਨ ਵਿੱਚ ਕਈ ਸਕੂਲ ਬੋਰਡਜ਼ ਤੇ ਅਕੈਡਮੀਜ਼ ਵੱਲੋਂ ਹਾਲ ਦੀ ਘੜੀ ਆਪਣੇ ਦਰਵਾਜ਼ੇ ਬੰਦ ਰੱਖੇ ਜਾ ਰਹੇ ਹਨ।ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਤੇ ਹੋਰਨਾਂ ਵੱਲੋਂ ਮੰਗਲਵਾਰ ਨੂੰ ਕਲਾਸਾਂ ਬੰਦ ਰੱਖੀਆਂ ਜਾ ਰਹੀਆਂ ਹਨ।

ਤੂਫਾਨ ਕਾਰਨ ਬੱਸਾਂ ਨਹੀਂ ਚੱਲ ਪਾਈਆਂ। ਸੋਮਵਾਰ ਨੂੰ ਸਕੂਲ ਬੰਦ ਰਹੇ ਪਰ ਵਰਚੂਅਲ ਲਰਨਿੰਗ ਜਾਰੀ ਰਹੀ।ਪਰ ਟੀਡੀਐਸਬੀ ਨੇ ਐਲਾਨ ਕੀਤਾ ਕਿ ਮੰਗਲਵਾਰ ਨੂੰ ਨਾ ਹੀ ਇਨ ਪਰਸਨ ਲਰਨਿੰਗ ਹੋਵੇਗੀ ਤੇ ਨਾ ਹੀ ਵਰਚੂਅਲ ਲਰਨਿੰਗ ਕਰਵਾਈ ਜਾਵੇਗੀ ਤੇ ਟੀਚਰਜ਼ ਦੀ ਇਹ ਮਰਜ਼ੀ ਹੋਵੇਗੀ ਕਿ ਉਨ੍ਹਾਂ ਆਨਲਾਈਨ ਕੰਮ ਪੋਸਟ ਕਰਨਾ ਹੈ ਜਾਂ ਨਹੀਂ।

ਇਸ ਦੌਰਾਨ ਪੀਲ ਡਿਸਟ੍ਰਿਕਟ ਸਕੂਲ ਬਰਡ ਵੱਲੋਂ ਸਕੂਲ ਬੰਦ ਕਰ ਦਿੱਤੇ ਗਏ ਹਨ ਤੇ ਸੋਮਵਾਰ ਨੂੰ ਵਰਚੂਅਲ ਕਲਾਸਾਂ ਵੀ ਰੱਦ ਕਰ ਦਿੱਤੀਆਂ ਗਈਆਂ।ਜ਼ੋਨ 1,2 ਤੇ 3 ਵਿੱਚ ਬੱਸਾਂ ਵੀ ਰੱਦ ਕਰ ਦਿੱਤੀਆਂ ਗਈਆਂ।ਮੰਗਲਵਾਰ ਨੂੰ ਵੀ ਸਕੂਲ ਤੇ ਬੋਰਡ ਫੈਸਿਲਿਟੀਜ਼ ਵਿਦਿਆਰਥੀਆਂ ਤੇ ਸਟਾਫ ਲਈ ਬੰਦ ਰਹਿਣਗੀਆਂ।ਵਿਦਿਆਰਥੀ ਰਿਮੋਟ ਲਰਨਿੰਗ ਦਾ ਬਦਲ ਚੁਣ ਸਕਦੇ ਹਨ।ਸਕੂਲ ਬੋਰਡ ਵੱਲੋਂ ਮਾਪਿਆਂ ਨੂੰ ਆਖਿਆ ਗਿਆ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਨਾ ਭੇਜਿਆ ਜਾਵੇ। ਡਫਰਿਨ ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨੇ ਵੀ ਸੋਮਵਾਰ ਨੂੰ ਸਕੂਲ ਬੰਦ ਰੱਖੇ ਪਰ ਵਰਚੂਅਲ ਲਰਨਿੰਗ ਜਾਰੀ ਰੱਖੀ। ਜ਼ੋਨ 1, 2 ਤੇ 3 ਵਿੱਚ



ਬੱਸਾਂ ਰੱਦ ਕਰ ਦਿੱਤੀਆਂ ਗਈਆਂ। ਮੰਗਲਵਾਰ ਨੂੰ ਡੀਪੀਸੀਡੀਐਸਬੀ ਸਕੂਲ ਤੇ ਬੋਰਡ ਫੈਸਿਲਿਟੀਜ਼ ਵਿਦਿਆਰਥੀਆਂ ਤੇ ਸਟਾਫ ਲਈ ਬੰਦ ਰਹਿਣਗੀਆਂ।ਵਿਦਿਆਰਥੀ ਰਿਮੋਟ ਲਰਨਿੰਗ ਦਾ ਬਦਲ ਅਪਣਾ ਸਕਦੇ ਹਨ।

ਇਸ ਦੇ ਨਾਲ ਹੀ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ, ਹਾਲਟਨ ਕੈਥੋਲਿਕ ਡਿਸਟ੍ਰਿਕਟ ਸਕੂਲ ਬਰਡ, ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ, ਯੌਰਕ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਸਕੂਲ ਬੰਦ ਕਰ ਦਿੱਤੇ ਗਏ ਹਨ ਤੇ ਬੱਸਾਂ ਰੱਦ ਕਰ ਦਿੱਤੀਆਂ ਗਈਆਂ ਹਨ।ਦਰਹਾਮ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਸਕੂਲ ਬੰਦ ਕਰ ਦਿੱਤੇ ਗਏ ਹਨ, ਐਲੀਮੈਂਟਰੀ ਕਲਾਸਾਂ ਰੱਦ ਕਰ ਦਿੱਤੀਆਂ ਗਈਆਂ ਹਨ ਪਰ ਸੈਕੰਡਰੀ ਵਰਚੂਅਲ ਕਲਾਸਾਂ ਜਾਰੀ ਰੱਖੀਆਂ ਗਈਆਂ ਹਨ। ਬੱਸਾਂ ਰੱਦ ਕਰ ਦਿੱਤੀਆਂ ਗਈਆਂ ਹਨ। ਦਰਹਾਮ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਸਕੂਲ ਬੰਦ ਕਰ ਦਿੱਤੇ ਗਏ ਹਨ, ਐਲੀਮੈਂਟਰੀ ਕਲਾਸਾਂ ਰੱਦ ਕਰ ਦਿੱਤੀਆਂ ਗਈਆਂ ਹਨ ਪਰ ਸੈਕੰਡਰੀ ਵਰਚੂਅਲ ਕਲਾਸਾਂ ਜਾਰੀ ਰੱਖੀਆਂ ਗਈਆਂ ਹਨ।ਬੱਸਾਂ ਰੱਦ ਕਰ ਦਿੱਤੀਆਂ ਗਈਆਂ ਹਨ।

## ਬਰਫ ਵਿੱਚ ਦੱਬੇ ਬਜ਼ੁਰਗ ਦੀ ਜਾਨ 8 ਸਾਲਾ ਬੱਚੇ ਨੇ ਬਚਾਈ

ਓਟਵਾ, 17 ਜਨਵਰੀ (ਪੋਸਟ ਬਿਊਰੋ) : ਸੋਮਵਾਰ ਸਵੇਰੇ ਆਏ ਬਰਫੀਲੇ ਤੂਫਾਨ ਕਾਰਨ ਲੱਗਭਗ ਬਰਫ ਵਿੱਚ ਪੂਰੀ ਤਰ੍ਹਾਂ ਦਬ ਚੁੱਕੇ ਇੱਕ ਬਜ਼ੁਰਗ ਦੀ ਜਾਨ ਇੱਕ 8 ਸਾਲਾ ਬੱਚੇ ਕਾਰਨ ਬਚ ਗਈ। ਪੈਰਾਮੈਡਿਕਸ ਵੱਲੋਂ ਇਸ ਬੱਚੇ ਦਾ ਸ਼ੁਕਰੀਆ ਅਦਾ ਕੀਤਾ ਗਿਆ।



ਇੱਕ ਟਵੀਟ ਵਿੱਚ ਓਟਵਾ ਪੈਰਾਮੈਡਿਕਸ ਸਰਵਿਸ ਨੇ ਆਖਿਆ ਕਿ ਕਲੇਟਨ ਨੇ ਆਪਣੇ ਘਰ ਦੇ ਨੇੜੇ ਇੱਕ ਵਿਅਕਤੀ ਨੂੰ ਬਰਫ ਵਿੱਚ ਦੱਬਿਆ ਵੇਖਿਆ ਤੇ ਫੌਰਨ ਆਪਣੇ ਮਾਪਿਆਂ ਨੂੰ ਦੱਸਿਆ ਤੇ ਉਨ੍ਹਾਂ ਨੇ ਅੱਗੇ 911 ਨੂੰ ਕਾਲ ਕੀਤਾ।ਪੈਰਾਮੈਡਿਕਸ ਸਰਵਿਸ ਨੇ ਆਖਿਆ ਕਿ ਉਹ ਬਜ਼ੁਰਗ ਭਾਰੀ ਬਰਫਬਾਰੀ ਕਾਰਨ ਦਬ ਚੁੱਕਿਆ ਸੀ। ਉਸ ਬਜ਼ੁਰਗ ਦੀ ਸਿਹਤ ਸਬੰਧੀ ਜਾਂਚ ਮੌਕੇ ਉੱਤੇ ਕੀਤੀ ਗਈ ਪਰ ਉਸ ਨੇ ਹਸਪਤਾਲ ਨਾ ਜਾਣ ਦਾ ਫੈਸਲਾ ਕੀਤਾ।

ਸੋਮਵਾਰ ਸਵੇਰੇ 11:00 ਵਜੇ ਤੱਕ ਓਟਵਾ ਵਿੱਚ ਬਰਫੀਲੇ ਤੂਫਾਨ ਤੋਂ ਬਾਅਦ 38 ਸੈਂਟੀਮੀਟਰ ਤੱਕ ਬਰਫਬਾਰੀ ਹੋਈ। ਸਿਟੀ ਸਟਾਫ ਨੇ ਦੱਸਿਆ ਕਿ ਉਨ੍ਹਾਂ ਨੂੰ 12 ਸੈਂਟੀਮੀਟਰ ਤੱਕ ਬਰਫਬਾਰੀ ਪ੍ਰਤੀ ਘੰਟਾਂ ਵੇਖਣ ਨੂੰ ਮਿਲੀ। ਓਟਵਾ ਦੇ ਮੇਅਰ ਜਿੰਮ ਵਾਟਸਨ ਨੇ ਕਲੇਟਨ ਦੇ ਇਸ ਕਦਮ ਦੀ ਤਾਰੀਫ ਕੀਤੀ ਤੇ ਉਸ ਨੂੰ ਕਮਾਲ ਦਾ ਨੇਕ ਬੱਚਾ ਦੱਸਿਆ। ਕਈ ਹੋਰਨਾਂ ਵੱਲੋਂ ਉਸ ਨੂੰ ਹੀਰੋ ਦੱਸਿਆ ਗਿਆ।

## 40 ਮੁਕਤਿਆਂ ਦੀ ਯਾਦ ਵਿਚ ਕੈਮਬ੍ਰਿਜ ਗੁਰੂ ਘਰ ਵਿਖੇ ਸਮਾਗਮ ਕਰਵਾਏ

ਖਿਦਰਾਣੇ ਦੀ ਢਾਬ ਮੁਕਤਸਰ ਦੀ ਜੰਗ ਵਿਚ ਰਣ ਤੱਤੇ ਵਿਚ ਜੂਝ ਕੇ ਸ਼ਹੀਦ ਹੋਏ 40 ਮੁਕਤਿਆਂ ਦੀ ਯਾਦ ਵਿਚ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਕੈਮਬ੍ਰਿਜ ਵਿਖੇ ਸਮਾਗਮ ਕਰਵਾਇਆ ਗਿਆ ਸੁਖਮਨੀ ਸਾਹਿਬ ਦੇ ਪਾਠ ਤੋਂ ਉਪਰੰਤ ਸਜੇ ਹੋਏ ਦੀਵਾਨਾਂ ਵਿਚ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ, ਭਾਈ ਰਣਜੀਤ ਸਿੰਘ, ਭਾਈ ਸਤਨਾਮ ਸਿੰਘ ਦੇ ਜਥੇ ਵਲੋਂ ਸ਼ਬਦ ਕੀਰਤਨ ਅਤੇ ਭਾਈ ਰਾਜਪਾਲ ਸਿੰਘ ਵਲੋਂ ਕਵਿਤਾ ਰਾਹੀਂ ਹਾਜ਼ਰੀ ਭਰੀ ਗਈ। ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੈਦੀਪ ਸਿੰਘ ਫਗਵਾੜਾ ਨੇ ਮਾਘ ਮਹੀਨੇ ਦੇ ਸ਼ਬਦ ਦੀ ਵਿਚਾਰ ਅਤੇ 40 ਮੁਕਤਿਆਂ ਦੇ ਇਤਿਹਾਸ ਦੇ ਪ੍ਰਸੰਗ ਸੰਗਤਾਂ ਨਾਲ ਸਾਂਝਾ ਕਰਦੇ ਹੋਏ ਕਿਹਾ ਕੇ ਸਤਿਗੁਰੂ ਜੀ ਦਾ ਸੁਭਾਅ ਹਮੇਸ਼ਾ ਹੀ ਬਖਸ਼ਣ ਵਾਲਾ ਹੈ ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਹਾਂ ਸਿੰਘ ਵਲੋਂ ਲਿਖਿਆ ਬੇਦਾਵਾ ਪਾੜ ਕੇ ਟੁੱਟੀ ਗੰਢੀ ਸੀ ਜਿਸ ਜਗਾ ਅੱਜ ਅਸੀਂ ਮੁਕਤਸਰ ਵਿਖੇ ਗੁਰਦੁਆਰਾ ਟੁੱਟੀ



ਗੰਢੀ ਸਾਹਿਬ ਦੇ ਦਰਸ਼ਨ ਕਰਦੇ ਹਾਂ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੁੱਖਵਿੰਦਰ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ ਅਤੇ ਸੰਗਤਾਂ ਨੂੰ ਪ੍ਰੇਰਨਾ ਦਿਤੀ ਕੇ ਸਾਨੂੰ ਗੁਰਬਾਣੀ ਗੁਰੂ ਘਰ ਨਾਲ ਜੁੜਨਾ ਚਾਹੀਦਾ ਹੈ।













## ਅੱਜ ਨਾਮਾ >>

ਦਰਬਾਰਾ ਸਿੰਘਾ ਤੂੰ ਪੁੱਛ ਬਈ ਲੀਡਰਾਂ ਨੂੰ,
ਕਾਹਤੋਂ ਵਾਅਦਿਆਂ ਦੀ ਲਾਈ ਲੜੀ ਬੇਲੀ।
ਪਹਿਲੇ ਵਾਅਦੇ ਜਦ ਹੋਏ ਨਹੀਂ ਕਦੀ ਪੂਰੇ,
ਲਾਈ ਨਵਿਆਂ ਦੀ ਕਾਹਨੂੰ ਆ ਝੜੀ ਬੇਲੀ।
ਚੋਣ ਤੱਕ ਨਹੀਂ ਕਦੇ ਫਿਰ ਯਾਦ ਆਉਂਦੀ,
ਝੜਦੀ ਫਸਲ ਪਈ ਖੜੀ ਦੀ ਖੜੀ ਬੇਲੀ।
ਇਹੋ ਦੱਸ ਦਿਓ ਹੋਣਾ ਜੀ ਅਮਲ ਕਿੱਦਣ,
ਕਦ ਉਹ ਆਉਣੀ ਸੁਲੱਖਣੀ ਘੜੀ ਬੇਲੀ।
ਕਰਨੇ ਤੁਸੀਂ ਕੁਝ ਅਮਲ ਵਿਖਾਉ ਕਰ ਕੇ,
ਅਸੀਂ ਵੀ ਵੰਡ ਸਕੀਏ ਸ਼ੱਕਰ ਖੰਡ ਬੇਲੀ।
ਅਜੇ ਤਾਂ ਪਹਿਲੇ ਸੰਭਾਲੇ ਨਹੀਂ ਗਏ ਸਾਥੋਂ,
ਲੈ ਜਾਉ ਵਾਅਦਿਆਂ ਦੀ ਨਵੀਂ ਪੰਡ ਬੇਲੀ।

**ਤੀਸ ਮਾਰ ਖਾਂ**

# ਆਪ ਪਾਰਟੀ ਦਾ ਉਮੀਦਵਾਰ ਆਸ਼ੂ ਬਾਂਗੜ ਅਸਤੀਫ਼ਾ ਦੇ ਕੇ ਕਾਂਗਰਸ ਵਿੱਚ ਸ਼ਾਮਲ

ਚੰਡੀਗੜ੍ਹ, 17 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵੱਲੋਂ ਉਮੀਦਵਾਰ ਐਲਾਨੇ ਜਾ ਚੁੱਕੇ ਆਸ਼ੂ ਬੰਗੜ ਨੇ ਅੱਜ ਇਸ ਪਾਰਟੀਦੀ ਮੁੱਢਲੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਅੱਜ ਚੰਡੀਗੜ੍ਹ ਵਿੱਚ ਪੰਜਾਬ ਦੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਸ਼ੂ ਬਾਂਗੜ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਉੱਤੇ ਸਨਮਾਨਤ ਕਰਨ ਪਿੱਛੋਂ ਕਿਹਾ ਕਿ ਸੱਚ ਦਾ ਸਾਥ ਦੇਣ ਵਾਲੇ ਲੋਕ ਆਮ ਆਦਮੀ ਪਾਰਟੀ ਦੀ ਹਕੀਕਤ ਪਛਾਣ ਲੈਣ ਤੋਂ ਬਾਅਦ ਉਸ ਦਾ ਸਾਥ ਛੱਡ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਡਿਕਟੇਟਰਸ਼ਿਪ ਨਾਲ ਚਲਾਈ ਜਾ ਰਹੀ ਹੈ। ਇਸ ਮੌਕੇ ਮੁੱਖ ਮੰਤਰੀ ਐਲਾਨ ਕੀਤਾ ਕਿ ਆਸ਼ੂ ਬਾਂਗੜ ਨੂੰ ਕਾਂਗਰਸ ਪਾਰਟੀ ਓਸੇ ਫਿਰੋਜ਼ਪੁਰ ਪੇਂਡੂ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰੇਗੀ, ਜਿੱਥੋਂ ਉਸ ਨੂੰ ਆਮ ਆਦਮੀ ਪਾਰਟੀ ਨੇ ਟਿਕਟ ਦਿੱਤੀ ਸੀ,

*** ਭਾਜਪਾ ਵਿੱਚਗਏ ਭਗਵੰਤਪਾਲ ਸੱਚਰ ਦੀ ਕਾਂਗਰਸ ਵਿੱਚ ਵਾਪਸੀ**

ਜਦ ਕਿ ਏਥੋਂ ਦੀ ਕਾਂਗਰਸ ਦੀ ਮੌਜੂਦਾ ਵਿਧਾਇਕ ਸਤਿਕਾਰ ਕੌਰ ਬਾਰੇ ਉਨ੍ਹਾਂ ਨੇ ਕੁਝ ਨਹੀਂ ਕਿਹਾ।

ਦਲਬਦਲੀ ਕਰ ਕੇ ਕਾਂਗਰਸ ਵਿੱਚ ਆਏਆਸ਼ੂ ਬਾਂਗੜ ਨੇ ਕਿਹਾ ਕਿ ਜਿਵੇਂ ਕੋਈ ਕੰਪਨੀ ਪ੍ਰੋਡਕਟ ਵੇਚਦੀ ਹੋਵੇ, ਓਦਾਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦੀ ਸੋਚ ਹੈ।ਦਿੱਲੀ ਤੋਂ ਆਏ ਆਗੂਪਾਰਟੀ ਵਰਕਰਾਂਨੂੰ ਹੁਕਮ ਥੋਪਦੇ ਹਨ ਤੇ ਵਰਕਰਾਂ ਨੂੰ ਟਾਰਚਰ ਕੀਤਾ ਜਾਂਦਾ ਹੈ।ਉਸ ਨੇ ਕਿਹਾ ਕਿ ਉਸ ਨੇ ਆਮ ਆਦਮੀ ਪਾਰਟੀ ਲਈ ਦਿਨ ਰਾਤ ਕੰਮ ਕੀਤਾ, ਪਰ ਰਾਘਵ ਚੱਢਾ ਦਾ ਵਤੀਰਾ ਬਰਦਾਸ਼ਤ ਨਹੀਂ ਹੁੰਦਾ, ਜਿਸ ਨਾਲ ਉਹ ਬੇਚੈਨੀ ਵਿੱਚ ਪਾਰਟੀ ਛੱਡੀ ਹੈ।

ਓਧਰ ਅੰਮ੍ਰਿਤਸਰ ਕਾਂਗਰਸ ਪਾਰਟੀ ਨਾਲ ਰੁੱਸ ਕੇ ਭਾਜਪਾ ਵਿੱਚ ਗਏ ਜ਼ਿਲਾ ਅੰਮ੍ਰਿਤਸਰ ਦੇਹਾਤੀ ਦੀ ਕਾਂਗਰਸ ਦੇ ਪ੍ਰਧਾਨ ਭਗਵੰਤਪਾਲ ਸਿੰਘ ਸੱਚਰਅੱਜਮੁੜ ਆਏ ਹਨ।ਸੱਚਰ ਦੀ ਭਾਜਪਾ ਵਿੱਚ ਜਾਣਬਾਰੇ ਸੁਣ ਕੇ ਅੱਜ ਉਨ੍ਹਾਂ ਦੇ ਘਰ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਮੰਤਰੀ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਜਾ ਪੁੱਜੇ ਅਤੇਸੱਚਰ ਨੂੰ ਵਾਪਸ ਕਾਂਗਰਸ ਵਿੱਚ ਲਿਆਉਣ ਲਈ ਜ਼ੋਰ ਲਾ ਦਿੱਤਾ। ਤਿੰਨਾਂ ਮੰਤਰੀਆਂ ਦਾ ਸੱਚਰ ਦੇ ਸਮਰਥਕਾਂ ਨੇ ਸਵਾਗਤ ਕੀਤਾ, ਪਰਸੱਚਰ ਦੇ ਹੱਕ ਵਿੱਚ ਬੋਲਦਿਆਂ ਭੜਾਸ ਵੀ ਕੱਢੀ।ਕਾਂਗਰਸਆਗੂਆਂ ਨੇ ਯਕੀਨ ਦਿਵਾਇਆ ਕਿ ਉਹ ਹਾਈ ਕਮਾਨ



ਨਾਲ ਬੈਠਕ ਕਰਕੇ ਸੱਚਰ ਦਾ ਹੱਕ ਦਿਵਾਉਣਗੇ।ਹੈਰਾਨੀ ਦੀ ਗੱਲ ਸੀ ਕਿ ਅੰਮ੍ਰਿਤਸਰ ਵਿੱਚ ਹੋਣ ਦੇ ਬਾਵਜੂਦ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧ ਇਸ ਵਿੱਚ ਸ਼ਾਮਲ ਨਹੀਂ ਹੋਏ।

ਇਸ ਦੌਰਾਨ ਅੰਮ੍ਰਿਤਸਰ ਵਿੱਚੋਂ ਅੱਜ ਨਵਜੋਤ ਸਿੰਘ ਸਿੱਧੂ ਨੇ ਆਪਣੇ ਪੰਜਾਬ ਮਾਡਲ ਦੀ ਗੱਲ ਦੁਹਰਾ ਕੇ ਕਿਹਾ ਕਿ "ਪਿਛਲੀਆਂ ਸਰਕਾਰਾਂ ਵੇਲੇ'ਮੇਰਾ ਬਿਜ਼ਨਸ, ਮੇਰੀਆਂ ਬੱਸਾਂ' ਦੇ ਮਾਡਲ ਉੱਤੇ ਕੰਮ ਹੁੰਦਾ ਸੀ, ਅਸੀਂ ਬਾਬੇ ਨਾਨਕ ਦੇ 13-13 ਫਾਰਮੂਲੇਮੁਤਾਬਕ ਕੰਮ ਕਰ ਰਹੇ ਹਾਂ ਤੇ 13 ਸੂਤਰੀ ਫਾਰਮੂਲਾ ਹਾਈ ਕਮਾਨ ਨੂੰ ਦੇਦਿੱਤਾ ਹੈ।'ਪੱਤਰਕਾਰਾਂ ਦੇ ਨਾਲ ਆਪਣੇ ਘਰਗੱਲ ਕਰਦੇ ਵਕਤ ਨਵਜੋਤ ਸਿੰਘ ਸਿੱਧੂ ਨੇ ਬਹੁਜਨ ਸਮਾਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤਰਸੇਲ ਭੋਲਾ ਨੂੰ ਕਾਂਗਰਸ ਵਿੱਚ ਸ਼ਾਮਲ ਕੀਤਾ ਤੇ ਕਿਹਾ ਕਿ ਮੇਰਾ ਮਾਡਲ ਕਾਂਗਰਸ ਦਾ ਹੀ ਮਾਡਲ ਹੈ। ਮੈਨੀਫੇਸਟੋ ਆਉਣ ਦਿਓ, ਸਭ ਪਤਾ ਚੱਲ ਜਾਵੇਗਾ। ਉਨ੍ਹਾ ਕਿਹਾ ਕਿ ਕਾਂਗਰਸ ਪਾਰਟੀ ਏਜੰਡੇ ਉੱਤੇ ਚੋਣ ਲੜੇਗੀ ਤੇ ਬਤੌਰ ਕਾਂਗਰਸ ਪ੍ਰਧਾਨ ਉਹ ਜ਼ੁਬਾਨ ਦੇ ਰਿਹਾ ਹੈ ਕਿ ਜੋ ਗੱਲ ਕਰਾਂਗੇ, ਫੋਕੇ ਵਾਅਦਿਆਂ ਵਾਲੀ ਨਹੀਂ ਹੋਵੇਗੀ, 13 ਸੂਤਰੀ ਪ੍ਰੋਗਰਾਮ ਦੀ ਹੋਵੇਗੀ।

# ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਕਾਂਗਰਸ ਨੂੰ ਛੱਡ ਕੇ ਢੀਂਡਸਾ ਦੇ ਅਕਾਲੀ ਦਲ ਵਿੱਚ ਗਏ

*** ਮੰਤਰੀ ਰਾਣਾ ਗੁਰਜੀਤ ਸਿੰਘ ਦਾ ਪੁੱਤਰ ਬਾਗੀ ਹੋ ਕੇ ਚੋਣ ਲੜੇਗਾ**

ਚੰਡੀਗੜ੍ਹ, 17 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ, ਜਿਹੜੇ ਕੁਝ ਸਾਲ ਪਹਿਲਾਂ ਕਾਂਗਰਸ ਵਿੱਚ ਸ਼ਾਮਲ ਹੋਏ ਸਨ, ਅੱਜ ਕਾਂਗਰਸ ਪਾਰਟੀ ਨੂੰ ਛੱਡ ਕੇ ਸੁਖਦੇਵ ਸਿੰਘ ਢੀਂਡਸਾ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵਿੱਚ ਸ਼ਾਮਲ ਹੋ ਗਏ। ਉਹ ਪਿਛਲੀ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਦੌਰਾਨ ਕੈਬਨਿਟ ਮੰਤਰੀ ਅਤੇ ਵਿਧਾਨ ਸਭਾ ਦੇ ਸਪੀਕਰ ਰਹਿ ਚੁੱਕੇ ਹਨ।

ਇਸ ਦਲਬਦਲੀ ਮੌਕੇ ਸਰਵਣ ਸਿੰਘ ਫਿਲੌਰ ਨੇ ਕਿਹਾ ਕਿ ਬਾਦਲ ਅਕਾਲੀ ਦਲ ਪੰਥਕ ਨਹੀਂ, ਇੱਕ ਪਰਵਾਰ ਦੀ ਪਾਰਟੀ ਬਣ ਗਿਆ ਤੇ ਆਪਣੇ ਸਿਧਾਂਤਾਂ ਤੋਂ ਭਟਕ ਗਿਆ ਹੈ, ਇਸੇ ਲਈ ਮੈਂ ਓਦੋਂ ਅਕਾਲੀ ਦਲ ਛੱਡਿਆ ਸੀ, ਕਿਉਂਕਿ ਅਕਾਲੀ ਦਲ ਨੇ ਇਤਿਹਾਸ ਵਿਸਾਰ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੈਨੂੰ ਕਾਂਗਰਸ ਵਿੱਚ ਆਉਣ ਨੂੰ ਕਿਹਾ ਸੀ, ਪਰ ਮੈਂ ਕਿਹਾ ਕਿ ਮੈਂ ਬਾਹਰੋਂ ਹਮਾਇਤ ਕਰਾਂਗਾ, ਫਿਰ ਵੀ ਉਨ੍ਹਾ ਨੇ ਮੈਨੂੰ ਕਾਂਗਰਸਵਿੱਚ ਸ਼ਾਮਲ ਕਰ ਲਿਆ।ਅੱਜਕੱਲ੍ਹ ਕਾਂਗਰਸ ਵਿੱਚ ਸਾਰੇ ਲੋਕ ਆਪੋ-ਆਪਣੇ ਲਾਭ ਵਾਸਤੇ ਲੱਗੇ ਹੋਏ ਹਨ, ਪੰਜਾਬਬਾਰੇ ਕੋਈ ਨਹੀਂ ਸੋਚ ਰਿਹਾ, ਇਸ ਲਈ ਅੱਜ ਮੈਂ ਕਾਂਗਰਸ ਪਾਰਟੀ ਛੱਡ ਰਿਹਾ ਹਾਂ।

ਵਰਨਣ ਯੋਗ ਹੈ ਕਿ ਨਸ਼ਿਆਂ ਦੇ ਕੇਸਵਿੱਚ ਨਾਂ ਆਉਣ ਪਿੱਛੋਂ ਕੁਝ ਸਮਾਂ ਪਹਿਲਾਂ ਸਰਵਣ ਸਿੰਘ ਫਿਲੌਰ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਸਨ।ਅੱਜ ਉਹ ਕਾਂਗਰਸ ਛੱਡ ਕੇ ਮੁੜ ਆਪਣੇ ਪੁਰਾਣੇ ਅਕਾਲੀ ਸਾਥੀ ਸੁਖਦੇਵ ਸਿੰਘ ਢੀਂਡਸਾ ਦੀ ਨਵੀਂ ਪਾਰਟੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵਿੱਚ ਸ਼ਾਮਲ ਹੋ ਗਏ ਹਨ।

ਇਸ ਦੌਰਾਨ ਪੰਜਾਬ ਦੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਦੇ ਬਾਗੀ ਹੋਣ ਤੋਂ ਬਾਅਦ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਪੁੱਤਰ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਸੁਲਤਾਨਪੁਰ ਲੋਧੀ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੇ ਇਸ ਹਲਕੇ ਦੇ ਕਾਂਗਰਸੀ ਵਿਧਾਇਕ ਨਵਤੇਜ ਸਿੰਘ ਉੱਤੇ ਗੰਭੀਰ ਦੋਸ਼ ਲਾਏ ਤੇ ਕਿਹਾ ਹੈ ਕਿ ਉਹ ਕਾਂਗਰਸ ਨੂੰ ਬਚਾਉਣ ਲਈ ਸੁਲਤਾਨਪੁਰ ਲੋਧੀ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਇੰਦਰ ਪ੍ਰਤਾਪ ਸਿੰਘ ਸੁਲਤਾਨਪੁਰ ਲੋਧੀ ਸੀਟ ਤੋਂ ਕਾਂਗਰਸ ਟਿਕਟ ਮੰਗਦੇ ਸਨ। ਕਾਂਗਰਸ ਨੇ ਮੌਜੂਦਾ ਵਿਧਾਇਕ ਨਵਤੇਜ ਸਿੰਘਨੂੰ ਟਿਕਟ ਦਿੱਤੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇੰਦਰ ਪ੍ਰਤਾਪ ਸਿੰਘ ਨੇ ਮੌਜੂਦਾ ਵਿਧਾਇਕ ਨਵਤੇਜ ਸਿੰਘ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾ ਕੇ ਕਿਹਾ ਕਿ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਦਿਵਸ ਮੌਕੇਆਏ ਫੰਡ ਦੀ ਸਹੀ ਵਰਤੋਂ ਨਹੀਂ ਕੀਤੀ ਤੇ ਭ੍ਰਿਸ਼ਟਾਚਾਰ ਵਧਾਇਆ ਹੈ। ਕਾਂਗਰਸ ਨੇ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਕਪੂਰਥਲਾ ਤੋਂ ਟਿਕਟ ਦਿੱਤੀ ਹੈ, ਜਦ ਕਿ ਸੁਲਤਾਨਪੁਰ ਲੋਧੀ ਵਿਧਾਨ ਸਭਾ ਕਪੂਰਥਲਾ ਦੇ ਨਾਲ ਲੱਗਦਾ ਹੈ।



# ਸੰਯੁਕਤ ਸਮਾਜ ਮੋਰਚਾ ਅਤੇ ਚੜੂੰਨੀ ਗਰੁੱਪ ਮਿਲ ਕੇ ਚੋਣਾਂ ਲੜਨਗੇ

ਚੰਡੀਗੜ੍ਹ, 17 ਜਨਵਰੀ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਲੜਨ ਦੇਲਈ ਸੰਯੁਕਤ ਸਮਾਜ ਮੋਰਚਾ ਅਤੇ ਸੰਯੁਕਤ ਸੰਘਰਸ਼ ਮੋਰਚੇ ਦਾ ਸਮਝੌਤਾ ਹੋ ਗਿਆ ਹੈ। ਇਹ ਦੋਵੇਂ ਮੋਰਚੇ ਮਿਲ ਕੇ ਚੋਣਾਂ ਲੜਨਗੇ।

ਇਸ ਬਾਰੇਸੰਯੁਕਤ ਸੰਘਰਸ਼ ਮੋਰਚੇ ਦੇ ਮੁਖੀ ਗੁਰਨਾਮ ਸਿੰਘ ਚੜੂੰਨੀਨੇ ਅੱਜ ਏਥੇ ਦੱਸਿਆ ਕਿ ਸਾਡਾ ਸੰਯੁਕਤ ਸਮਾਜ ਮੋਰਚੇ ਨਾਲ ਗਠਜੋੜ ਹੋ ਗਿਆ ਹੈ ਤੇ ਸਾਡੀ ਪਾਰਟੀ ਪੰਜਾਬ ਦੀਆਂ 10 ਸੀਟਾਂ ਉੱਤੇ ਚੋਣਾਂ ਲੜੇਗੀ।ਉਨ੍ਹਾਂ ਕਿਹਾ ਕਿ ਸਾਨੂੰ ਭਾਵੇਂ ਯੋਗ ਹਿੱਸਾ ਨਹੀਂ ਮਿਲ ਰਿਹਾ, ਫਿਰ ਵੀ ਲੋਕਾਂ ਦੀ ਭਾਵਨਾ ਹੈ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਮਿਲ ਕੇ ਚੋਣਾਂ ਲੜਨ, ਜਿਸ ਲਈਅਸੀਂ 10 ਸੀਟਾਂ ਉੱਤੇ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕਿਸਾਨ ਸੰਘਰਸ਼ ਦੌਰਾਨ ਮੇਰੀ ਚੋਣਾਂ ਲੜਨ ਦੀ ਗੱਲ ਕਾਰਨ ਮੈਨੂੰ ਸੰਯੁਕਤ ਕਿਸਾਨ ਮੋਰਚੇ ਤੋਂ ਬਾਹਰ ਕਰ ਦਿੱਤਾ ਗਿਆ ਸੀ ਅਤੇ ਵਿਰੋਧ ਹੋਇਆ ਸੀ, ਪਰ ਅੱਜ ਅਸੀਂ ਸੰਯੁਕਤ ਸਮਾਜ ਮੋਰਚੇ ਨਾਲ ਮਿਲ ਕੇ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ।

ਓਧਰ ਸੰਯੁਕਤ ਸਮਾਜ ਮੋਰਚਾ ਨੇਅੱਜ ਵਿਧਾਨ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ ਦੂਸਰੀ ਲਿਸਟ ਜਾਰੀ ਕੀਤੀ ਹੈ, ਜਿਸ ਵਿੱਚ ਸੰਯੁਕਤ ਸਮਾਜ

*** ਸਮਝੌਤੇ ਵਿੱਚ ਚੜੂੰਨੀ ਗਰੁੱਪ ਨੂੰ 10 ਸੀਟਾਂ ਮਿਲੀਆਂ**

ਮੋਰਚਾ ਅਤੇ ਭਾਰਤੀ ਕਿਸਾਨ ਯੂਨੀਅਨ ਚੜੂੰਨੀਦੇ 30 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਪ੍ਰੇਮ ਸਿੰਘ ਭੰਗੂ, ਪ੍ਰੋਫੈਸਰ ਮਨਜੀਤ ਸਿੰਘ, ਰਛਪਾਲ ਸਿੰਘ ਜੋੜੇ ਮਾਜਰਾ ਵੱਲੋਂ ਕੀਤੇ ਐਲਾਨ ਮੁਤਾ-ਬਕ 10 ਹਲਕਿਆਂ ਤੋਂ ਗੁਰਨਾਮ ਸਿੰਘ ਚੜੂੰਨੀ ਦੀ ਪਾਰਟੀ ਤੇ 20 ਸੀਟਾਂ ਤੋਂ ਸੰਯੁਕਤ ਸਮਾਜ ਮੋਰਚਾ ਚੋਣਾਂ ਲੜੇਗਾ। ਸੰਯੁਕਤ ਸਮਾਜ ਮੋਰਚਾ ਬਾਕੀ ਉਮੀਦਵਾਰਾਂ ਦਾ ਐਲਾਨ 19 ਜਨਵਰੀ ਨੂੰ



ਕਰੇਗਾ।ਮੋਰਚੇ ਦੀਦੂਸਰੀ ਸੂਚੀ ਵਿੱਚ ਨਵਾਂਸ਼ਹਿਰ ਤੋਂ ਕੁਲਦੀਪ ਸਿੰਘ ਬਜੀਦਪੁਰ, ਫਿਰੋਜ਼ਪੁਰ ਸ਼ਹਿਰੀ ਤੋਂ ਲਖਵਿੰਦਰ ਸਿੰਘ, ਬਲਵਿੰਦਰ ਸਿੰਘ ਰਾਜੂ, ਬਟਾਲਾ, ਤਰੁਣ ਜੈਨ ਲੁਧਿਆਣਾ ਪੱਛਮੀ, ਹਰਕੀਰਤ ਸਿੰਘ ਰਾਣਾ ਆਤਮ ਨਗਰ, ਗੁਰਪ੍ਰੀਤ ਸਿੰਘ ਕੋਟਲੀ ਗਿੱਦੜਬਾਹਾ, ਸੁਖਵਿੰਦਰ ਕੁਮਾਰ ਮਲੋਟ, ਅਨੁਰੂਪ ਕੌਰ ਮੁਕਤਸਰ ਸਾਹਿਬ, ਸਿਮਰਦੀਪ ਸਿੰਘ ਪਾਇਲ, ਬੂਟਾ ਸਿੰਘ ਸ਼ਾਦੀਪੁਰ ਸਨੌਰ, ਚਮਕੌਰ ਸਿੰਘ ਭੁੱਚੋ, ਸਰਬਜੀਤ ਸਿੰਘ ਅਲਾਲ ਧੂਰੀ, ਮੋੜਾ ਸਿੰਘ ਅਣਜਾਣ ਫਿਰੋਜ਼ਪੁਰ ਪੇਂਡੂ, ਡਾ. ਸਤਨਾਮ ਸਿੰਘ ਰਾਜਾਸਾਂਸੀ, ਸੁਰਿੰਦਰ ਸਿੰਘ ਢੰਡੀਆਂ ਜਲਾਲਾਬਾਦ, ਅਮਰਜੀਤ ਸਿੰਘ ਮਾਨ ਸੁਨਾਮ, ਭਗਵੰਤ ਸਿੰਘ ਸਮਾਓਂ ਭਦੌੜ, ਅਭਿਕਰਨ ਸਿੰਘ ਬਰਨਾਲਾ, ਗੁਰਨਾਮ ਸਿੰਘ ਭੀਖੀ, ਮਾਨਸਾ, ਛੋਟਾ ਸਿੰਘ ਮੀਆਂ ਸਰਦੂਲਗੜ੍ਹ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ।

# ਮੋਦੀ ਦੇ ਪੰਜਾਬ ਦੌਰੇ ਦੀ ਸੁਰੱਖਿਆ ਦੀ ਜਾਂਚ ਕਮੇਟੀ ਦੀ ਮੁਖੀ ਜਸਟਿਸ ਇੰਦੂ ਮਲਹੋਤਰਾ ਨੂੰ ਧਮਕੀ

ਨਵੀਂ ਦਿੱਲੀ, 17 ਜਨਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਦੌਰਾਨ ਹੋਈ ਸੁਰੱਖਿਆ ਦੀ ਕੋਤਾਹੀ ਦੀ ਜਾਂਚ ਕਰਦੀ ਸੁਪਰੀਮ ਕੋਰਟ ਦੀ ਕਮੇਟੀ ਦੀ ਚੇਅਰਪਰਸਨ ਤੇ ਸਾਬਕਾ ਜੱਜ ਜਸਟਿਸ ਇੰਦੂ ਮਲਹੋਤਰਾ ਨੂੰ ਸਿੱਖਸ ਫਾਰ ਜਸਟਿਸ ਨੇ ਧਮਕੀਦਿੱਤੀ ਹੈ।ਇਸ ਸੰਗਠਨ ਨੇ ਧਮਕੀ ਭਰੇ ਆਡੀਓ ਕਲਿੱਪ ਜਾਰੀ ਕੀਤੇ ਤੇ ਕਿਹਾਹੈ ਕਿ ਇਸ ਜੱਜ ਨੂੰ ਪ੍ਰਧਾਨ ਮੰਤਰੀ ਮੋਦੀ ਅਤੇ ਸਿੱਖਾਂ ਵਿੱਚੋਂ ਇੱਕ ਦੀ ਚੋਣ ਕਰਨੀ ਪਵੇਗੀ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜ ਜਨਵਰੀ ਦੇ ਪੰਜਾਬ ਦੌਰੇ ਦੌਰਾਨ ਸੁਰੱਖਿਆ ਦੀਆਂ ਕਮੀਆਂ ਦੀ ਜਾਂਚ ਲਈ 12 ਜਨਵਰੀ ਨੂੰ ਸੁਪਰੀਮ ਕੋਰਟ ਨੇ ਪੰਜ ਮੈਂਬਰੀ ਕਮੇਟੀ ਬਣਾਈ ਸੀ। ਇਸ ਕਮੇਟੀ ਦੀ ਮੁਖੀ ਸਾਬਕਾ ਜੱਜ ਜਸਟਿਸ ਇੰਦੂ ਮਲਹੋਤਰਾ ਨੂੰ ਬਣਾਇਆ ਗਿਆ ਹੈ। ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚਕੋਤਾਹੀ ਦੇ ਕੇਸ ਵਿੱਚ



ਇਹ ਪਹਿਲੀ ਧਮਕੀ ਨਹੀਂ, ਪਿਛਲੇ ਹਫ਼ਤੇ ਖਾਲਿਸਤਾਨ ਸਮਰਥਕਾਂ ਨੇ ਸੁਪਰੀਮ ਕੋਰਟ ਦੇ ਕੁਝ ਵਕੀਲਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਸਨ ਅਤੇ ਦਰਜਨ ਦੇ ਕਰੀਬ ਵਕੀਲਾਂ ਨੇ ਧਮਕੀ ਭਰੀਆਂ ਕਾਲਾਂ ਆਉਣ ਦਾ ਦਾਅਵਾ ਕੀਤਾ ਸੀ।ਸਿੱਖਸ ਫਾਰ ਜਸਟਿਸ ਵੱਲੋਂ ਇੰਗਲੈਂਡ ਦੇ ਨੰਬਰ ਤੋਂ ਉਸ ਨੂੰ ਇਨ੍ਹਾਂ ਕਾਲਾਂ ਵਿੱਚ ਵਕੀਲਾਂ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਸੁਰੱਖਿਆਬਾਰੇ ਕੇਸ ਦੀ ਸੁਣਵਾਈ ਵਿੱਚਸ਼ਾਮਲ ਨਾ ਹੋਣ ਲਈ ਧਮਕੀ ਦਿੱਤੀ ਗਈ ਸੀ।















ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸਰਾਪ ਬਣੀ ਬੇ-ਰੁਜ਼ਗਾਰੀ, ਸੋ ਆਉ ! ਅੱਗੇ ਚੋਣਾਂ ਆ ਰਹੀਆਂ ਹਨ



ਅਨੇਕਾਂ ਸਰਕਾਰਾਂ ਆਈਆਂ ਗਈਆਂ ਪ੍ਰੰਤੂ ਇਹ ਗੱਲ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ ਕਿ ਬੇਰੁਜ਼ਗਰੀ, ਰਿਸ਼ਵਤਖੋਰੀ, ਮਿਲਾਵਟਖੋਰੀ, ਸਿਹਤ ਸੇਵਾਵਾਂ, ਸਿੱਖਿਆ ਸੇਵਾਵਾਂ, ਖੇਤੀਬਾੜੀ ਦੀਆ ਫ਼ਸਲਾ ਸਬੰਧੀ, ਸੁੱਧ ਵਾਤਾਵਰਣ ਸਬੰਧੀ, ਧਰਤੀ ਹੇਠਲੇ ਪਾਣੀ ਸਬੰਧੀ ਕੇਵਲ ਤੇ ਕੇਵਲ ਇੱਕ ਸੋਚਣ-ਵਿਚਾਰਨ ਦਾ ਵਿਸ਼ਾ ਬਣਕੇ ਰਹਿ ਗਿਆ ਹੈ। ਸੋਚਣ-ਵਿਚਾਰਣ ਅਤੇ ਅਤਿਅੰਤ ਦੁੱਖ ਵਾਲੀ ਗੱਲ ਇਹ ਇਹ ਵੀ ਹੈ ਕਿ ਅਜੋਕੇ ਸਮੇਂ ਵਿੱਚ ਹੋਰਨਾ ਵਿਕਸਿਤ ਦੇਸ਼ਾਂ ਦੇ ਮੁਕਬਲੇ ਅੱਜੇ ਵੀ ਅਸੀ ਕਿੰਨੇ ਪੱਛੜਕੇ ਰਹਿ ਗਏ ਹਾਂ। ਲੋਕਾ ਦੀਆਂ ਆਸਾ, ਖਾਹਿਸ਼ਾ, ਤ੍ਰਿਸ਼ਨਾਵਾ ਤੇ ਕਿੰਨੇ ਕੁ ਖਰੇ ਉੱਤਰੇ ਇਹ ਗੱਲਾ ਬੁਝਾਰਤ ਬਣਕੇ ਰਹਿ ਗਈਆਂ ਹਨ। ਲੋਕਾਂ ਨੂੰ ਪਹਿਲਾਂ ਹੀ ਢਿੱਡ ਭਰ ਕੇ ਰੋਟੀ ਨਸੀਬ ਨਹੀਂ ਹੋ ਰਹੀ ਉੱਤੋਂ ਹਰ ਚੀਜ਼ ਵਿੱਚ ਮਿਲਾਵਟਖੋਰੀ ਨੇ ਕਿਵੇਂ ਪੈਰ ਪਸਾਰੇ ਹੋਏ ਹਨ, ਜਿਸ ਬਾਰੇ ਅਸੀਂ ਸਭ ਭਲੀਭਾਂਤ ਜਾਣਦੇ ਹਾਂ।

ਜੇਕਰ ਬੇਰੁਜ਼ਗਾਰਾਂ ਦੀ ਤ੍ਰਾਸਦੀ ਦੀ ਗੱਲ ਕਰੀਏ ਤਾਂ ਬੇਰੁਜ਼ਗਾਰੀ ਬੇਰੁ-ਜ਼ਗਾਰਾ ਲਈ ਸਰਾਪ ਬਣ ਗਈ ਹੈ ਅਤੇ ਹਾਲਾਤ ਇਹ ਬਣ ਗਏ ਹਨ ਕਿ ਸਰਾਪ ਬਣੀ ਬੇਰੁਜ਼ਗਾਰੀ ਸਿਰ ਚੜ੍ਹਕੇ ਬੋਲ ਰਹੀ ਹੈ। ਜਿੰਨਾ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲਿਆ ਉਹ ਵੀ ਨਾ ਬਰਾਬਰ ਸਿਰਫ ਤੇ ਸਿਰਫ ਅਥਰੂ ਪੂੰਝਣ ਵਾਲੀ ਗਲ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਵੱਖ ਵੱਖ ਵਿਭਾਗਾਂ ਵਿਚ ਨਿਗੂਣੀਆਂ ਤਨਖ਼ਾਹਾਂ ਲੈ ਰਹੇ ਇਹ ਕਰਮਚਾਰੀ ਆਪਣੇ ਪ੍ਰੀਵਾਰ ਦਾ ਪੇਟ ਪਾਲਣ ਤੋਂ ਅਸਮਰੱਥ ਹਨ ਅਤੇ ਸੰਘਰਸ਼ ਦੇ ਰਾਹ ਤੇ ਕਿਵੇਂ ਡਾਂਗਾ-ਸੋਟੇ ਖਾ ਰਹੇ ਹਨ, ਆਪਣੀ ਜਾਨ ਨੂੰ ਜੋਖਮ ਵਿਚ ਪਾ ਕੇ ਕਿਵੇਂ ਟੈਂਕੀਆਂ ਤੇ ਚੜ੍ਹ ਰਹੇ ਹਨ, ਧਰਨੇ-ਪ੍ਰਦਰਸ਼ਨ ਕਰ ਰਹੇ ਹਨ, ਜੋ ਕਿ ਖੁੱਲ੍ਹੀ ਕਿਤਾਬ ਵਾਂਗ ਹੈ।

ਬਹੁਤਾਤ ਗਿਣਤੀ ਇਹੋ ਜਿਹੀ ਹੋਵੇਗੀ ਕਿ ਬੇਰੁਜ਼ਗਾਰ ਨੌਕਰੀ ਦੀ ਉਡੀਕ ਵਿੱਚ ਓਵਰਏਜ ਹੀ ਹੋ ਗਏ। ਜਿਨ੍ਹਾਂ ਨੂੰ ਹਾਰ ਕੇ ਆਪਣੇ ਆਪਣੇ ਕੰਮ-ਕਾਜ ਸ਼ੁਰੂ ਕਰਨੇ ਪਏ। ਹਲਾਤ ਇਹ ਬਣੇ ਕਿ ਮਜਬੂਰੀ ਵੱਸ ਕੋਈ ਰੇੜ੍ਹੀ ਲਗਾ ਰਿਹਾ ਹੈ, ਕੋਈ ਫੜ੍ਹੀ ਲਗਾ ਰਿਹਾ ਹੈ, ਕੋਈ ਰਾਜ ਮਿਸਤਰੀ ਦਾ ਕੰਮ ਕਰ ਰਿਹਾ ਹੈ, ਕੋਈ ਭੱਠੇ ਤੇ ਕੰਮ ਕਰ ਰਿਹਾ ਹੈ, ਕੋਈ ਪ੍ਰਾਈਵੇਟ ਨੌਕਰੀ ਪੇਸ਼ਾ ਕਰ ਰਿਹਾ ਹੈ ਤੇ ਕੋਈ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ ਅਤੇ ਹੋਰ ਦੁੱਖ ਦੀ ਗੱਲ ਇਹ ਕਿ ਕਈ ਨੌਕਰੀ ਦੀ ਉਡੀਕ ਕਰਦੇ ਕਰਦੇ ਅੱਲਾ ਨੂੰ ਹੀ ਪਿਆਰੇ ਹੋ ਗਏ।

ਅੱਡੀ ਚੋਟੀ ਦਾ ਜ਼ੋਰ ਲਗਾਕੇ ਵਿੱਦਿਆ ਹਾਸਲ ਕਰਨ ਲਈ ਬੱਚੇ ਸਕੂਲੀ ਪੜ੍ਹਾਈ ਮੁਕੰਮਲ ਕਰਦੇ ਹਨ, ਕਾਲਜਾਂ-ਯੂਨੀਵਰਸਟੀਆਂ ਵਿਚ ਦਾਖਲੇ ਲੈ ਕੇ ਉੱਚ ਵਿਦਿਆ ਹਾਸਲ ਕਰਦੇ ਹਨ, ਉਸ ਤੋਂ ਉਪਰੰਤ ਵੱਖ ਵੱਖ ਤਰਾਂ ਦੇ ਕੋਰਸ, ਡਿਪਲੋਮੇ, ਡਿਗਰੀਆਂ ਕਰਦੇ ਹਨ। ਜੱਦ ਤੱਕ ਬੱਚਾ ਕਾਲਜ ਯੂਨਿਵਰਸਿਟੀ ਵਿੱਦਿਆ ਹਾਸਲ ਕਰਦਾ ਹੈ ਤਾਂ ਮਾਂ-ਪਿਉ ਦਿਲ ਵਿੱਚ ਕਿੰਨੇ ਸੁਪਨੇ ਸਜਾਉਂਦੇ ਹਨ ਤੇ ਜਦੋਂ ਉਹ ਵਿਦਿਆ ਹਾਸਲ ਕਰ ਲੈਂਦੇ ਹਨ ਤਾਂ ਬੇਰੁਜ਼ਗਾਰ ਹੋ ਕੇ ਰਹਿ ਜਾਂਦੇ ਹਨ, ਉਸ ਸਮੇਂ ਬੱਚਿਆਂ ਦੇ ਮਨਾਂ ਉੱਤੇ ਜੋ ਬੀਤਦੀ ਹੈ ਉਹ ਵੀ ਆਪਣੇ ਆਪ ਵਿੱਚ ਇੱਕ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਹੈ, ਉੱਤੋਂ ਮਾਂ-ਪਿਓ ਦੀਆਂ ਰਾਤਾਂ ਦੀਆਂ ਨੀਂਦਾਂ ਉਡ ਜਾਂਦੀਆਂ ਹਨ ਕਿਉਂਕੀ ਹਜ਼ਾਰਾਂ-ਲਖਾ ਰੁਪਏ ਲਗਾ ਕੇ ਵੀ ਬੱਚਾ ਕਿਸੇ ਤਣ ਪੱਤਣ ਤੇ ਨਹੀਂ ਲੱਗਦਾ, ਫਿਰ ਇਹੋ ਬੱਚਾ ਬੇਰੁਜ਼ਗਾਰ ਹੋ ਕੇ ਘਰ ਵਿੱਚ ਮਾਂ-ਪਿਉ ਦੀ 'ਅੱਖ ਦਾ ਤਾਰਾ ਲੱਗਨ ਦੀ ਬਜਾਏ ਅੱਖਾ ਵਿੱਚ ਰੜਕਣ ਲੱਗ ਪੈਂਦਾ ਹੈ। ਘਰ ਵਿੱਚ ਪਿਆਰ ਦੀ ਜਗ੍ਹਾ ਕਲੇਸ਼ ਜ਼ਿਆਦ ਹੋ ਜਾਂਦਾ ਹੈ। ਕਈ ਬੱਚੇ ਮਾਨਸਿਕ ਤੌਰ ਤੇ ਪ੍ਰੇਸਾਨ ਹੋ ਜਾਂਦੇ ਹਨ ਅਤੇ ਆਪਣਾ ਦਿਮਾਗੀ ਦਾ ਸੰਤੁਲਨ ਵੀ ਗਵਾ ਲੈਂਦੇ ਹਨ।

ਇਥੇ ਮੈ ਇਕ ਹਕੀਕਤ ਦੱਸਣੀ ਚਾਹਾਂਗਾ ਕਿ ਸੰਨ੍ਹ 1977 ਦੀ ਗੱਲ ਹੈ ਕਿ ਹੈ ਮੇਰਾ ਇਕ ਦੋਸਤ ਮੇਰੇ ਨਾਲ ਸਪੋਰਟਸ ਵਿੰਗ ਵਿਚ ਪੜ੍ਹਦਾ ਸੀ। ਪੰਜਾਬ ਅਤੇ ਨੈਸ਼ਨਲ ਪੱਧਰ ਤੇ ਉਸ ਨੇ ਕਈ ਵਾਰ ਮੱਲਾਂ ਮਾਰ ਕੇ ਆਪਣੇ ਸਕੂਲ ਦਾ ਨਾਂ ਹੀ ਨਹੀਂ ਬਲਕਿ ਪੰਜਾਬ ਦਾ ਨਾਂ ਸੁਨਹਿਰੇ ਪੰਨਿਆਂ ਵਿੱਚ ਦਰਜ ਕਰਵਾਇਆ ਸੀ। ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਤੋ ਉਸ ਨੇ ਬਾਸਕਟ ਬਾਲ ਵਿੱਚ ਐਨ ਆਈ ਐਸ (ਕੋਚ ਬਣਨ ਦਾ ਕੋਰਸ) ਕੀਤਾ। ਕੋਰਸ ਕਰਨ ਤੋਂ ਬਾਅਦ ਉਹ ਕਈ ਸਾਲ ਵਿਹਲਾ ਰਿਹਾ। ਨੌਕਰੀ ਦੀ ਭਾਲ ਕਰਦਿਆਂ ਕਰਦਿਆਂ ਉਹ ਓਵਰਏਜ ਹੋ ਗਿਆ। ਹਾਰਕੇ ਉਸ ਨੇ ਇਕ ਪ੍ਰਾਈਵੇਟ ਸਕੂਲ ਵਿੱਚ ਖੇਡਾਂ ਨਾਲ ਸਬੰਧਤ ਅਧਿਆਪਕ ਦੀ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਉਹ ਵਿਆਹਿਆ-ਵਰਿਆਂ ਸੀ। ਉਸਦੇ ਦੋ ਬੱਚੇ ਵੀ ਸਨ। ਉਸ ਦਾ ਪਿਤਾ ਫੌਜ ਵਿੱਚ ਅਫ਼ਸਰ ਆਹੱਦੇ ਤੋ ਸੇਵਾ ਮੁਕਤ ਸਨ। ਉਸ ਨੂੰ ਆਪਣੀ ਤਨਖ਼ਾਹ ਤਾਂ ਥੋੜ੍ਹੀ ਹੀ ਮਿਲਦੀ ਸੀ ਪ੍ਰੰਤੂ ਘਰ ਦਾ ਗੁਜ਼ਾਰਾ ਪਿਤਾ ਦੇ ਸਿਰ ਤੇ ਹੀ ਚਲਦਾ ਸੀ। ਉਹ ਨੌਕਰੀ ਨਾ ਮਿਲਣ ਕਾਰਨ ਬਹੁਤ ਦੁਖੀ ਸੀ ਪ੍ਰੰਤੂ ਕੋਚਾ ਦੀ ਭਰਤੀ ਦੀਆਂ ਪੋਸਟਾ ਹੀ ਨਹੀ ਨਿਕਲੀਆਂ। ਉਹ ਬੇਹੱਦ ਪ੍ਰੇਸ਼ਾਨ ਹੋ ਗਿਆ। ਸਿਗਰਟ ਅਤੇ ਸ਼ਰਾਬ ਦਾ ਸੇਵਨ ਸ਼ੁਰੂ ਕਰ ਦਿੱਤਾ। ਕਈ ਸਾਲ ਇਸ ਤਰਾਂ ਚਲਦਾ ਰਿਹਾ। ਆਖ਼ਰ ਉਹ ਇਕ ਦਿਨ ਜ਼ਿੰਦਗੀ ਨੂੰ ਅਲਵਿਦਾ ਕਹਿ ਗਿਆ। ਇਕ ਹਿਸਾਬ ਲਾਇਆ ਜਾਵੇ ਤਾਂ ਬੀ ਏ ਦੀ ਪੜ੍ਹਾਈ ਤੋਂ ਲੈ ਕੇ ਕੋਚ ਦਾ ਕੋਰਸ ਕਰਨਾ ਕੋਈ ਆਸਾਨ ਗੱਲ ਨਹੀਂ ਹੁੰਦੀ। ਕੋਚ ਦੇ ਕੋਰਸ ਵਿੱਚ ਦਾਖਲਾ ਲੈਣਾ ਬੇਹੱਦ ਔਖਾ ਹੁੰਦਾ ਹੈ। ਕੋਚ ਦਾ ਕੋਰਸ ਉਹੀ ਕਰ ਸਕਦਾ ਹੈ ਜੋ ਨੈਸ਼ਨਲ, ਇੰਟਰਨੈਸ਼ਨਲ ਖਿਡਾਰੀ ਹੋਵੇ, ਉਤੋਂ ਵਿਦਿਆ ਹਾਸਲ ਕਰਨ ਲਈ ਮਾਂ ਪਿਓ ਦਾ ਕਿੰਨਾ ਪੈਸਾ ਖਰਚ ਆਇਆ ਹੋਵੇਗਾ, ਪੜ੍ਹਾਈ ਦੇ ਲਈ ਕਿੰਨਾ ਮੇਹਨਤ ਕੀਤੀ ਹੋਵੇਗੀ, ਦੂਸਰਾ ਉਸ ਦੀ ਮੌਤ ਹੋ ਜਾਣ ਕਾਰਨ ਪਿਛੋਂ ਘਰ ਦਿਆਂ ਨੂੰ ਕੀ-ਕੀ ਪਾਪੜ ਵੇਲਣੇ ਪੈਂਦੇ ਹੋਣਗੇ, ਇਸ ਸਾਰੀ ਹਕੀਕਤ ਦਾ ਸਹਿਜ ਨਾਲ ਹੀ ਅੰਦ-ਾਜ਼ਾ ਲਗਾਇਆ ਜਾ ਸਕਦਾ ਹੈ ਪ੍ਰੰਤੂ ਦੁੱਖ ਵਾਲੀ ਗੱਲ ਇਹ ਹੈ ਕਿ ਨਾ ਜਾਣੇ ਅਜਿਹੇ ਇਸ ਤਰਾਂ ਕਿੰਨੇ ਕੁ ਕਿੱਸੇ ਹੋਣਗੇ ਜਿਨ੍ਹਾਂ ਦੇ ਮਾਂ-ਪਿਉ ਸਹਿਤ ਪ੍ਰੀਵਾਰਾ ਦੀਆਂ ਰਾਤਾਂ ਦੀਆਂ ਨੀਂਦਾਂ ਹਰਾਮ ਹੋ ਗਈਆਂ ਤੇ ਕਿੰਨਿਆਂ ਦੀਆਂ ਹੋ ਰਹੀਆਂ ਹੋਣਗੀਆਂ ?

ਸੋ ਆਉ ! ਅੱਗੇ ਚੋਣਾਂ ਆ ਰਹੀਆਂ ਹਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਵੱਧ ਤੋਂ ਵੱਧ ਆਪਣੀ ਵੋਟ ਦਾ ਇਸਤੇਮਾਲ ਕੀਤਾ ਜਾਵੇ ਅਤੇ ਅਜਿਹੀ ਸਰਕਾਰ ਦੀ ਚੋਣ ਕੀਤੀ ਜਾਵੇ ਜੋ ਵਿਕਸਤ ਦੇਸ਼ਾਂ ਦੀ ਤਰਜ਼ ਤੇ ਆਪਣੇ ਦੇਸ਼ ਨੂੰ ਉੱਨਤੀ ਦੇ ਰਾਹ ਤੇ ਪਹੁੰਚਾਏ, ਨਸ਼ਿਆਂ ਅਤੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟੇ, ਬੇਰੁਜਗਾਰੀ ਨੂੰ ਦੂਰ ਕਰੇ, ਪੰਜਾਬ ਨੂੰ ਹਰਿਆ-ਭਰਿਆ ਬਣਾਏ, ਸਿੱਖਿਆ ਦੇ ਤਾਣੇ ਬਾਣੇ ਅਤੇ ਸਿਹਤ ਸੇਵਾਵਾਂ ਨੂੰ ਪ੍ਰੇਰਨਾ ਸਰੋਤ ਬਣਾਏ, ਗਰੀਬ ਲੋਕਾਂ ਲਈ ਰੋਟੀ, ਕੱਪੜਾ, ਮਕਾਨ ਦੇ ਢੁੱਕਵੇ ਰਾਹ ਕੱਢੇ, ਪੰਜਾਬ ਨੂੰ ਫਿਰ ਸੋਨੇ ਦੀ ਚਿੜੀ ਬਣਾ ਸਕੇ, ਜੋ ਵੱਕਤ ਦੀ ਬਹੁਤ ਵੱਡੀ ਲੋੜ ਹੈ!

*ਬਹੁਤ ਧੰਨਵਾਦ ਜੀ*
*ਪੇਸ਼ਕਸ਼:*
*ਲੇਖ਼ਕ:*
*ਰਾਜਿੰਦਰ ਸਿੰਘ ਰਾਜਨ ਪਠਾਨਕੋਟ*
*ਮੌਜੂਦਾ ਪਤਾ:*
*ਕਿਚਨਰ, ਓਨਟਾਰੀਓ, ਕੈਨੇਡਾ।*

## "ਨਾ ਕਰੋ"

ਦਿਨ ਨੂੰ ਆਰਾਮ ,
ਮਿਹਨਤ ਤੋਂ ਵਿਸ਼ਰਾਮ,
ਨਾ ਕਰੋ , ਨਾ ਕਰੋ, ਨਾ ਕਰੋ।
ਕਰਜ਼ੇ ਨਾਲ ਪਿਆਰ ,
ਬੇਜ਼ੁਬਾਨਾਂ ਨਾਲ਼ ਮਾਰ,
ਨਾ ਕਰੋ , ਨਾ ਕਰੋ , ਨਾ ਕਰੋ ।
ਗਰੀਬ ਦਾ ਤ੍ਰਿਸਕਾਰ ,
ਸ਼ਾਹੂਕਾਰ ਨਾਲ ਪਿਆਰ ,
ਨਾ ਕਰੋ , ਨਾ ਕਰੋ , ਨਾ ਕਰੋ।
ਟੂਟੀ ਖੁੱਲ੍ਹੀ ਛੱਡਣਾ ,
ਬਜ਼ੁਰਗਾਂ ਨੂੰ ਘਰੋਂ ਕੱਢਣਾ ,
ਨਾ ਕਰੋ , ਨਾ ਕਰੋ , ਨਾ ਕਰੋ ।
ਜ਼ਮੀਨ ਨੂੰ ਬੰਜਰ ਰੱਖਣਾ ,
ਪਿੱਠ 'ਤੇ ਖੰਜਰ ਰੱਖਣਾ ,
ਨਾ ਕਰੋ, ਨਾ ਕਰੋ, ਨਾ ਕਰੋ।
ਦੁਸ਼ਮਣ ਨਾਲ ਨਰਮੀ ,
ਨੌਕਰ ਨਾਲ ਜ਼ਿਆਦਾ ਗਰਮੀ,
ਨਾ ਕਰੋ , ਨਾ ਕਰੋ, ਨਾ ਕਰੋ।
ਨਿੰਦਿਆ ਚੁਗਲੀ ਚੋਰੀ ,
ਕਿਸੇ ਨਾਲ ਬਦਲਾਖੋਰੀ,
ਨਾ ਕਰੋ , ਨਾ ਕਰੋ, ਨਾ ਕਰੋ।
ਜਰ ਜੋਰੂ ਜ਼ਮੀਨ 'ਤੇ ਹੰਕਾਰ ,
ਆਦਮਖੋਰ ਜਾਨਵਰ ਨਾਲ ਪਿਆਰ,
ਨਾ ਕਰੋ , ਨਾ ਕਰੋ, ਨਾ ਕਰੋ।
ਪਰ - ਇਸਤਰੀ 'ਤੇ ਮਨ ਡੋਲਣਾ,
ਘਰ ਦਾ ਭੇਦ ਖੋਲ੍ਹਣਾ,
ਨਾ ਕਰੋ, ਨਾ ਕਰੋ , ਨਾ ਕਰੋ ।

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

## ਹਲਕਾ ਫੁਲਕਾ



ਇੱਕ ਵਿਅਕਤੀ ਦਾ ਨਵਾਂ-ਨਵਾਂ ਵਿਆਹ ਹੋਇਆ। ਪਤੀ ਨੇ ਸਵੇਰੇ ਆਪਣੀ ਸੌਂ ਰਹੀ ਪਤਨੀ ਉਪਰ ਪਾਣੀ ਸੁੱਟ ਦਿੱਤਾ।
ਪਤਨੀ (ਉਠਦੇ ਹੋਏ), ''ਇਹ ਕੀ, ਤੁਸੀਂ ਮੇਰੇ ਉੱਤੇ ਪਾਣੀ ਕਿਉਂ ਪਾਇਆ?''
ਪਤੀ, ''ਤੇਰੇ ਪਿਤਾ ਜੀ ਨੇ ਕਿਹਾ ਸੀ ਕਿ ਸਾਡੀ ਲੜਕੀ ਫੁੱਲਾਂ ਦੀ ਕਲੀ ਹੈ, ਇਸ ਨੂੰ ਮੁਰਝਾਉਣ ਨਾ ਦੇਵੀਂ।''

********


ਮਹਿਮਾਨ, ''ਹੋਰ ਦੱਸੋ ਬੇਟਾ, ਅੱਗੇ ਦਾ ਕੀ ਪਲਾਨ ਹੈ?''
ਬੱਚਾ, ''ਬੱਸ ਜੀ, ਤੁਹਾਡੇ ਜਾਣ ਤੋਂ ਬਾਅਦ ਬਿਸਕੁਟ ਖਵਾਂਗਾ, ਨਮਕੀਨ ਤੇ ਮੇਵੇ ਤੁਸੀਂ ਛੱਡੇ ਹੀ ਨਹੀਂ।''

********

ਪਤਨੀ, ''ਵਿਆਹ ਹੋਣ ਤੋਂ ਪਹਿਲਾਂ ਤੁਸੀਂ ਮੈਨੂੰ ਹੋਟਲ, ਸਿਨੇਮਾ ਤੇ ਹੋਰ ਪਤਾ ਨਹੀਂ ਕਿੱਥੇ-ਕਿੱਥੇ ਲੈ ਜਾਂਦੇ ਸੀ। ਵਿਆਹ ਹੋਇਆ ਤਾਂ ਅੱਜਕੱਲ੍ਹ ਘਰ ਤੋਂ ਬਾਹਰ ਵੀ ਨਹੀਂ ਲਿਜਾਂਦੇ।''
ਪਤੀ, ''ਕੀ ਤੂੰ ਕਦੀ ਕਿਸੇ ਨੂੰ ਚੋਣਾਂ ਤੋਂ ਬਾਅਦ ਵੀ ਪ੍ਰਚਾਰ ਕਰਦੇ ਦੇਖਿਆ ਹੈ?''
ਪ੍ਰੀਆ (ਨੀਰਜ ਨੂੰ), ''ਜਾਨੂੰ, ਇਹ ਕੰਪਿਊਟਰ ਮੇਰੀ ਕਮਾਂਡ ਦੇ ਅਨੁਸਾਰ ਨਹੀਂ ਚੱਲ ਰਿਹਾ।''
ਨੀਰਜ, ''ਚੱਲੇਗਾ ਵੀ ਨਹੀਂ, ਕਿਉਂਕਿ ਇਹ ਕੰਪਿਊਟਰ ਹੈ, ਪਤੀ ਨਹੀਂ।''


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ | ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਆਖਿਰ ਔਰਤ 'ਤੇ ਹੀ ਕਿਉਂ ਕੱਸੇ ਜਾਂਦੇ ਹਨ ਤੰਜ.......?



ਔਰਤ ਸ੍ਰਿਸ਼ਟੀ ਦਾ ਆਧਾਰ ਹੈ। ਆਪਣੀ ਹੋਂਦ ਨਾਲ ਹੀ ਔਰਤ ਮਕਾਨ ਨੂੰ " ਘਰ " ਬਣਾਉਂਦੀ ਹੈ। ਬਹੁਤ ਧਿਆਨ ਨਾਲ ਵਿਚਾਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਔਰਤ ਤੋਂ ਬਿਨਾਂ ਸਾਡਾ ਘਰ , ਸਮਾਜ ਅਤੇ ਅਸੀਂ ਸਭ ਅਧੂਰਨ ਹਾਂ ਤੇ ਸਾਡਾ ਜੀਵਨ ਰੁੱਖਾ ਹੈ। ਇੱਥੋਂ ਤੱਕ ਕਿ ਸਾਡੀ ਹੋਂਦ ਕੇਵਲ ਇੱਕ ਔਰਤ ਕਰਕੇ ਹੀ ਹੈ। ਇਸੇ ਕਰਕੇ ਸਾਡੇ ਮਹਾਂਪੁਰਖਾਂ ਨੇ ਸਾਨੂੰ ਔਰਤ ਨੂੰ ਮੰਦਾ ਬੋਲਣ ਤੇ ਸਮਝਣ ਤੋਂ ਵਰਜਿਆ ਹੈ। ਭਾਵੇਂ ਕਿ ਅੱਜ ਔਰਤ ਦੇ ਹੱਕਾਂ ਲਈ ਦੁਨੀਆਂ ਵਿੱਚ ਅਨੇਕਾਂ ਕਾਨੂੰਨ - ਕਾਇਦੇ ਬਣੇ ਹੋਏ ਹਨ , ਪਰ ਜਦੋਂ ਤੱਕ ਔਰਤ ਪ੍ਰਤੀ ਸਾਡੀ ਸੋਚ ਦਾ ਦਾਇਰਾ ਵਿਸ਼ਾਲ ਨਹੀਂ ਹੋ ਜਾਂਦਾ , ਸ਼ਾਇਦ ਉਦੋਂ ਤੱਕ ਔਰਤ ਸਾਡੇ ( ਮਰਦ ) ਦੇ ਬਰਾਬਰ ਨਹੀਂ ਹੋ ਸਕਦੀ। ਸੋਚਣ ਵਾਲੀ ਗੱਲ ਹੈ ਕਿ ਅਸੀਂ ਭਾਵੇਂ ਕਿੰਨੇ ਵੀ ਪੜ੍ਹੇ - ਲਿਖੇ ਕਿਉਂ ਨਾ ਹੋਈਏ ! ਪਰ ਇੱਕ ਔਰਤ ਪ੍ਰਤੀ ਅਤੇ ਉਸਦੇ ਖਾਣ - ਪੀਣ , ਪਹਿਨਣ , ਆਉਣ - ਜਾਣ , ਘਰ ਚਲਾਉਣ , ਘਰੇਲੂ ਜਾਂ ਹੋਰ ਫ਼ੈਸਲੇ ਲੈਣ ਆਦਿ ਪ੍ਰਤੀ ਸਾਡੀ ਸੋਚ ਦਾ ਦਾਇਰਾ ਸਾਡੇ ਪੜ੍ਹੇ - ਲਿਖੇ ਹੋਣ ਦੇ ਬਾਵਜੂਦ ਵੀ ਬਹੁਤੇਰੀ ਵਾਰ ਸੰਕੀਰਨ , ਸੌੜਾ ਤੇ ਤੰਗਦਿਲ ਹੀ ਹੁੰਦਾ ਹੈ। ਅਸੀਂ ਔਰਤ ਨੂੰ ਮਰਦ ਦੇ ਬਰਾਬਰ ਹੋਣ ਦੀਆਂ ਗੱਲਾਂ ਤਾਂ ਕਰਦੇ , ਪੜ੍ਹਦੇ ਜਾਂ ਸੁਣਦੇ ਤਾਂ ਅਕਸਰ ਹੀ ਹਾਂ , ਪਰ ਜਦੋਂ ਔਰਤ ਦੀ ਮਰਦ ਦੇ ਬਰਾਬਰ ਬਰਾਬਰਤਾ ਦੀ ਗੱਲ ਨੂੰ ਅਮਲੀ ਜਾਮਾ ਪਹਿਨਾਉਣ ਦੀ ਗੱਲ ਤੇ ਕਰਨੀ ਸਾਡੇ 'ਤੇ ਆਉਂਦੀ ਹੈ ਤਾਂ ਅਸੀਂ ਉਹੀ ਪੁਰਾਣੀ ਘਿਸੀ - ਪਿਟੀ , ਸੰਕੀਰਨ , ਸੌੜੀ , ਤੰਗਦਿਲ , ਸ਼ੰਕਾਲੂ ਪ੍ਰਵਿਰਤੀ ਵਾਲੀ ਤੇ ਰੂੜੀਵਾਦੀ ਸੋਚ ਨੂੰ ਫਿਰ ਅੱਗੇ ਕਰ ਦਿੰਦੇ ਹਾਂ। ਜੇਕਰ ਅਸੀਂ ਔਰਤ ਨੂੰ ਖੁਦ ਹੀ ਮਰਦ ਦੇ ਵਾਂਗ ਪੜ੍ਹਨ , ਖਾਣ - ਪੀਣ , ਪਹਿਨਣ , ਘੁੰਮਣ - ਫਿਰਨ , ਸਿਨੇਮਾ ਦੇਖਣ , ਜੀਵਨ ਦੇ ਸਮੁੱਚੇ ਘਰੇਲੂ ਤੇ ਸਮਾਜਿਕ ਫ਼ੈਸਲੇ ਲੈਣ , ਮੋਬਾਇਲ ਫ਼ੋਨ ਦੀ ਵਰਤੋਂ ਕਰਨ , ਸਟੇਟਸ ਲਗਾਉਣ , ਫੇਸਬੁੱਕ ਚਲਾਉਣ , ਵਿਆਹ ਸੰਬੰਧੀ , ਵਿਆਹਾਂ - ਸ਼ਾਦੀਆਂ ਵਿੱਚ ਆਪਣੀਆਂ ਸਹੇਲੀਆਂ ਨਾਲ ਆਉਣ - ਜਾਣ , ਨੌਕਰੀ ਕਰਨ ਆਦਿ - ਆਦਿ ਬਾਰੇ ਫ਼ੈਸਲੇ ਲੈਣ ਜਾਂ ਕੰਮ ਕਰਨ ਤੇ ਭਾਵਨਾ ਨੂੰ ਪ੍ਰਗਟਾਉਣ , ਹੱਸਣ , ਬੋਲਣ , ਮੁਸਕਰਾਉਣ , ਗਾਉਣ ਆਦਿ ਦੀ ਬਰਾਬਰੀ , ਆਜ਼ਾਦੀ ਤੇ ਪ੍ਰੇਰਣਾ ਨਹੀਂ ਦੇਵਾਂਗੇ ਤਾਂ ਔਰਤ ਸਮਾਜਿਕ ਤੌਰ 'ਤੇ ਮਰਦ ਦੇ ਬਰਾਬਰ ਕਿਵੇਂ ਹੋ ਸਕੇਗੀ ? ਬਹੁਤ ਦੁੱਖ ਦੀ ਗੱਲ ਹੈ ਕਿ ਬਹੁਤ ਪੜ੍ਹੇ - ਲਿਖੇ ਹੋਣ ਦੇ ਬਾਵਜੂਦ ਵੀ ਅਸੀਂ ਬਹੁਤੇਰੀ ਵਾਰ ਵਿਆਹਾਂ - ਸ਼ਾਦੀਆਂ , ਪ੍ਰੋਗਰਾਮਾਂ ਜਾਂ ਹੋਰ ਇਕੱਠਾਂ ਸਮੇਂ ਆਪਣੀ ਵਿਚਾਰ - ਚਰਚਾ ਵਿੱਚ ਔਰਤ ਦੇ ਹੀ ਖਾਣ - ਪੀਣ , ਔਰਤ ਦੇ ਹੀ ਪਹਿਨਣ , ਉਸ ਦੇ ਗਾਉਣ , ਭਾਵਨਾਵਾਂ ਪ੍ਰਗਟਾਉਣ , ਔਰਤ ਦੇ ਆਉਣ - ਜਾਉਣ , ਉਸਦੇ ਮਨੋਰੰਜਨ ਕਰਨ , ਉਸ ਦੇ ਵੱਲੋਂ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਆਦਿ ਬਾਰੇ ਬੇਲੋੜੀ , ਗ਼ੈਰ - ਵਾਜਬ , ਗ਼ੈਰ - ਇਖਲਾਕੀ ਤੇ ਸ਼ੰਕਾਲੂ ਧਿਆਨ ਚਰਚਾ ਕਰਨ ਨੂੰ ਪਹਿਲ ਦਿੰਦੇ ਹਾਂ ਜਾਂ ਕਰਦੇ ਹਾਂ। ਜੇਕਰ ਮਰਦ ਹਰ ਪੱਖੋਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਕਰ ਸਕਦਾ ਹੈ ਤਾਂ ਔਰਤ 'ਤੇ ਹੀ ਇਹ ਬੰਧਨ ਅਤੇ ਤੰਜ਼ ਕੱਸਣਾ ਕਿੰਨਾ ਕੁ ਵਾਜਬ ਹੈ ? ਔਰਤ ਦੀ ਖਾਣ - ਪੀਣ , ਪਹਿਰਾਵੇ , ਆਉਣ - ਜਾਣ, ਘੁੰਮਣ , ਮਨੋਰੰਜਨ , ਗਾਉਣ , ਉਚੇਰੀ ਪੜ੍ਹਾਈ ਕਰਨ ਆਦਿ ਪ੍ਰਤੀ ਘਰੇਲੂ ਜਾਂ ਸਮਾਜਿਕ ਤੌਰ 'ਤੇ ਰੋਕ ਜਾਂ ਸੰਕੀਰਣਤਾ ਤੇ ਮਾੜੀ ਸੋਚ ਜਾਂ ਤੰਗਦਿਲੀ ਨਹੀਂ ਹੋਣੀ ਚਾਹੀਦੀ। ਘਰ ਚਲਾਉਣ ਤੇ ਘਰੇਲੂ ਬਜਟ ਬਣਾਉਣ ਸਮੇਂ ਅਤੇ ਘਰ ਦੇ ਹਰ ਤਰ੍ਹਾਂ ਦੇ ਫ਼ੈਸਲੇ ਲੈਣ ਅਤੇ ਉਹਨਾਂ 'ਤੇ ਖਰੇ ਉਤਰਨ ਲਈ ਔਰਤ ਦੇ ਸੁਝਾਅ ਲੈਣੇ ਚਾਹੀਦੇ ਹਨ ਤੇ ਉਹਨਾਂ 'ਤੇ ਦ੍ਰਿੜਤਾ ਦੇ ਨਾਲ਼ ਪਹਿਰਾ ਦੇਣਾ ਚਾਹੀਦਾ ਹੈ। ਇੱਕ ਔਰਤ ਨੂੰ ਵੀ ਔਰਤ ਦੇ ਹੱਕਾਂ ਬਾਰੇ ਸੋਚਣਾ ਤੇ ਸਮਝਣਾ ਚਾਹੀਦਾ ਹੈ ਤੇ ਉਸਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ ; ਨਾ ਕਿ ਪੁਰਾਣੀ ਰੂੜੀਵਾਦੀ ਸੋਚ 'ਤੇ ਚੱਲਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ ਖ਼ੁਦ ਔਰਤ ਨੂੰ ਵੀ ਆਪਣੇ ਬਾਰੇ , ਆਪਣੇ ਸਮਾਜਿਕ ਤੇ ਘਰੇਲੂ ਫੈਸਲਿਆਂ ਬਾਰੇ , ਸਮਾਜ ਵਿੱਚ ਵਿਚਰਨ ਬਾਰੇ ਆਪਣੇ ਦ੍ਰਿੜ੍ਹ ਇਰਾਦੇ ਅਤੇ ਨਰੋਈ ਸੋਚ ਤੇ ਵਿਚਾਰ ਰੱਖਣੇ ਚਾਹੀਦੇ ਹਨ ਤੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਅੱਜ ਲੋੜ ਹੈ ਔਰਤ ਬਾਰੇ ਨਵੀਂ , ਉਸਾਰੂ ਤੇ ਸਕਾਰਾਤਮਕ ਸੋਚ ਤੇ ਸੁਚਾਰੂ ਵਿਵਹ-ਾਰ ਅਪਣਾਉਣ ਅਤੇ ਸਹੀ ਅਮਲੀ ਜਾਮਾ ਪਹਿਨਾਉਣ ਦੀ। ਨਾ ਕਿ ਕੇਵਲ ਸੋਚਣ , ਪੜ੍ਹਨ ਜਾਂ ਕਹਿਣ ਦੀ। ਤਦ ਹੀ ਔਰਤ ਨੂੰ ਮਰਦ ਵਾਂਗ ਬਰਾਬਰੀ ਮਿਲ ਸਕਦੀ ਹੈ। ਇਸ ਸਭ ਦੇ ਲਈ ਨਵੀਂ ਤੇ ਵਿਸ਼ਾਲ ਸੋਚ ਅਪਣਾ ਕੇ ਸਾਨੂੰ ਖੁਦ ਨੂੰ ਸਕਾਰਾਤਮਕ ਪਹਿਲ ਕਰਨੀ ਹੋਵੇਗੀ ; ਸਾਰਾ ਕੁਝ ਸਰਕਾਰਾਂ 'ਤੇ ਹੀ ਨਹੀਂ ਸੁੱਟ ਦੇਣਾ ਚਾਹੀਦਾ ; ਕਿਉਂਕਿ ਸਮਾਜ ਤੇ ਦੇਸ਼ ਵਿੱਚ ਜੇਕਰ ਕੋਈ ਸਹੀ ਸੁਧਾਰ ਲਿਆਉਣਾ ਹੈ ਤਾਂ ਸਭ ਤੋਂ ਪਹਿਲਾਂ ਸਾਨੂੰ ਸਕਾਰਾਤਮਕ ਸੋਚ ਅਪਣਾ ਕੇ ਖ਼ੁਦ ਤੋਂ ਨਵੀਂ ਪਹਿਲ ਲਿਆਉਣੀ ਤੇ ਅਪਣਾਉਣੀ ਹੋਵੇਗੀ ਅਤੇ ਆਪਣੇ ਘਰ - ਪਰਿਵਾਰ ਤੋਂ ਔਰਤ ਨੂੰ ਬਰਾਬਰ ਦਾ ਦਰਜਾ ਤੇ ਪੂਰਨ ਆਜ਼ਾਦੀ ਦੇਣੀ ਹੋਵੇਗੀ। ਸਾਨੂੰ ਆਪਣੀ ਵਿਚਾਰ - ਚਰਚਾ ਦਾ ਵਿਸ਼ਾ ਵੀ ਔਰਤ ਅਤੇ ਉਸ ਦੇ ਖਾਣ - ਪੀਣ , ਪਹਿਰਾਵੇ , ਆਉਣ - ਜਾਣ , ਘੁੰਮਣ - ਵਿਚਰਨ ਆਦਿ ਨੂੰ ਨਹੀਂ ਬਣਾਉਣਾ ਚਾਹੀਦਾ ਤੇ ਔਰਤ ਪ੍ਰਤੀ ਸੌੜੀ ਸੋਚ ਨਹੀਂ ਅਪਣਾਉਣੀ ਚਾਹੀਦੀ। ਅੱਜ ਜ਼ਰੂਰਤ ਹੈ ਨਿੱਜੀ , ਘਰੇਲੂ ਤੇ ਸਮਾਜਿਕ ਤੌਰ 'ਤੇ ਔਰਤ ਨੂੰ ਅੱਗੇ ਆਉਣ ਅਤੇ ਅੱਗੇ ਲਿਆਉਣ ਦੀ , ਔਰਤ ਤੇ ਉਸ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਉਸ ਦੇ ਅਨੁਸਾਰ ਉਸ ਨੂੰ ਵਿਚਰਨ ਲਈ ਮੌਕਾ ਦੇਣ ਦੀ। ਆਓ ! ਨਵੇਂ ਵਰ੍ਹੇ ਦੇ ਸ਼ੁਭ ਅਵਸਰ 'ਤੇ ਇੱਕ ਨਵੀਂ ਸੋਚ ਨਾਲ ਨਵੇਂ ਸਿਰਿਓਂ ਜੀਵਨ ਦਾ ਸ਼ੁੱਭ ਆਰੰਭ ਕਰੀਏ ਤਾਂ ਜੋ ਨਵਾਂ - ਨਰੋਆ ਘਰ - ਪਰਿਵਾਰ ਤੇ ਸਮਾਜ ਸਿਰਜ ਸਕੀਏ ; ਕਿਉਂਕਿ ਅੱਜ ਔਰਤ ਬਾਰੇ ਸੋਚ ਬਦਲਣ ਦੀ , ਉਸ ਪ੍ਰਤੀ ਵਿਸ਼ਾਲ ਸੋਚ ਅਪਣਾ ਕੇ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ਕਿਉਂ ਜੋ ਔਰਤ ਅਤੇ ਮਰਦ ਦੀ ਬਰਾਬਰਤਾ ਕਹਿ ਕੇ ਨਹੀਂ , ਸਗੋਂ ਵਰਤੋਂ ਵਿਹਾਰ ਤੋਂ ਹੋਣੀ ਚਾਹੀਦੀ ਹੈ।

ਅੰਤਰਰਾਸ਼ਟਰੀ ਲੇਖਕ

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

# ਦਵਿੰਦਰ ਝਾਝੜੀਆ- ਓਲੰਪਿਕਸ ਮੈਡਲ ਦੀ ਹੈਟ੍ਰਿਕ ਲਾਉਣ ਵਾਲਾ ਅਨਮੋਲ ਹੀਰਾ







ਬੇਹਿਮਤੇ ਨੇ ਉਹ ਲੋਕ ਜੋ ਸ਼ਿਕਵੇ ਕਰਨ ਮੁਕੱਦਰਾਂ ਦੇ, ਉੱਗਣ ਵਾਲੇ ਉੱਗ ਪੈਂਦੇ ਨੇਂ ਪਾੜ ਕੇ ਸੀਨਾ ਪੱਥਰਾਂ ਦੇ, ਇਹ ਸਤਰਾਂ ਇਸ ਅਸਾਧਾਰਨ ਖਿਲਾੜੀ ਤੇ ਪੂਰੀ ਤਰਾਂ ਨਾਲ ਢੁਕਦੀਆਂ ਹਨ। ਅੱਜ ਸਾਡੇ ਦੇਸ਼ ਚ ਸ਼ਾਇਦ ਈ ਕੋਈ ਹੈ, ਜੋ ਨੀਰਜ ਚੋਪੜਾ ਤੋਂ ਜਾਣੂ ਨਾਂ ਹੋਵੇ, ਹੋਣਾ ਵੀ ਨਹੀਂ ਚਾਹੀਦਾ। ਨੀਰਜ ਨੇ ਟੋਕੀਓ ਓਲੰਪਿਕਸ ਚ ਗੋਲਡ ਮੈਡਲ ਜਿੱਤ ਇਤਿਹਾਸ ਸਿਰਜਿਆ ਏ ਪਰ ਕੀ ਤੁਸੀਂ "ਦਵਿੰਦਰ ਝਾਝੜੀਆ" ਨੂੰ ਜਾਣਦੇ ਹੋ ? ਜੀ ਹਾਂ , ਮੈਨੂੰ ਪਤਾ ਏ ਤੁਹਾਡਾ ਜਵਾਬ ਨਾਂ ਹੀ ਹੋਵੇਗਾ। ਦਵਿੰਦਰ ਜਿਸਨੇ ਦੋ ਵਾਰ ਉਸੇ ਜੈਵਲਿਨ ਚ ਵਰਲਡ ਰਿਕਾਰਡ ਬਣਾ ਕੇ ਪੈਰਾਓਲੰਪਿਕ ਚ ਗੋਲਡ ਮੈਡਲ ਜਿੱਤੇ ਹਨ। ਇਸ ਮਹਾਨ ਏਥਲੀਟ ਦੀ ਕਹਾਣੀ ਜਿੰਨੀ ਦਿਲਚਸਪ ਹੈ, ਉਨੀ ਹੀ ਮਾਰਮਿਕ ਹੈ।

ਰਾਜਸਥਾਨ ਦੇ ਚੂਰੂ ਜਿਲੇ ਚ ਸਾਦੂਲਪੁਰ ਚ ਝਾਝੜੀਆਂ ਵਾਲੀ ਢਾਣੀ ਚ ਰਾਮ ਸਿੰਘ ਤੇ ਜੀਵਨੀ ਦੇਵੀ ਦੇ ਆਮ ਘਰ 10 ਜੂਨ 1981 ਨੂੰ ਦਵਿੰਦਰ ਦਾ ਜਨਮ ਹੋਇਆ, ਜੋ ਬਚਪਨ ਤੋਂ ਹੀ ਬਹੁਤ ਹੀ ਚੁਸਤ ਤੇ ਹੋਸ਼ਿਆਰ ਸੀ । ਪਰ 8 ਸਾਲ ਦੀ ਉਮਰ ਚ ਲੁਕਣ-ਮਿੱਟੀ ਖੇਡਦੇ-ਖੇਡਦੇ ਖੇਜੜੀ (ਰਾਜਸਥਾਨ ਦਾ ਇਕ ਮਸ਼ਹੂਰ ਤੇ ਖਾਸ ਦਰਖਤ) ਤੇ ਚੜ੍ਹ ਗਿਆ। ਮਾੜੀ ਕਿਸਮਤ ਉਸ ਉਪਰ ਲੰਘਦੀਆਂ ਹਾਈ ਵੋਲਟੇਜ ਤਾਰਾਂ ਨਾਲ ਚਿੰਬੜ ਕੇ ਕਰੰਟ ਦੀ ਚਪੇਟ ਚ ਆ ਗਿਆ । ਕਿਸੇ ਤਰੀਕੇ ਨਾਲ ਜਾਨ ਤਾਂ ਬੱਚ ਗਈ ਪਰ ਖੱਬਾ ਹੱਥ ਕੱਟਣਾ ਪੈ ਗਿਆ। ਦਵਿੰਦਰ ਸਾਰੀ ਉਮਰ ਲਈ ਅਪਾਹਜ਼ ਹੋ ਗਿਆ। ਉਹ ਕਿੰਨੇ ਈ ਦਿਨ ਹੀਣ-ਭਾਵਨਾ ਦਾ ਸ਼ਿਕਾਰ ਹੋ ਕੇ ਕਮਰੇ ਅੰਦਰ ਈ ਵੜਿਆ ਰਿਹਾ। ਮਾਂ ਜੀਵਨੀ ਦੇਵੀ ਨੇ ਇਕ ਦਿਨ ਬੇਟੇ ਨੂੰ ਜੋ ਕਿਹਾ ਉਸ ਨਾਲ ਦਵਿੰਦਰ ਦਾ ਜਿੰਦਗੀ ਪ੍ਰਤਿ ਨਜ਼ਰੀਆ ਈ ਬਦਲ ਗਿਆ, ਮਾਂ ਨੇ ਕਿਹਾ ਸੀ, "ਤੇਰਾ ਸਿਰਫ ਹੱਥ ਈ ਵੱਢਿਆ ਗਿਆ ਏ , ਹਿੰਮਤ ਤੇ ਹੌਂਸਲਾ ਨਹੀਂ। ਤੂੰ ਮੇਰਾ ਸ਼ੇਰ ਏ ਤੇ ਮੈਂ ਜਾਣਦੀ ਆਂ, ਇਕ ਦਿਨ ਪੂਰੀ ਦੁਨੀਆ ਚ ਲੋਕ ਮੈਨੂੰ ਤੇਰੇ ਨਾਮ ਤੋ ਜਾਨਣਗੇ"।

ਮਾਂ ਦੀ ਹੱਲਾਸ਼ੇਰੀ ਨੇ ਦਵਿੰਦਰ ਨੂੰ ਸੱਚੀ ਦਾ ਸ਼ੇਰ ਬਣਾ ਦਿੱਤਾ। ਉਹਨੇ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਬਹੁਤ ਮਜ਼ਬੂਤ ਕਰ ਲਿਆ। ਉਹਨੇਂ ਸਕੂਲ ਚ ਭਾਲਾ ਸੁੱਟਣਾ ਸ਼ੁਰੂ ਕਰ ਦਿੱਤਾ ਪਰ ਉੱਥੇ ਕਿਹੜੀ ਜੈਵਲਿਨ ਪਈ ਸੀ, ਮਾਂ ਦੇ ਸ਼ੇਰ ਨੇ ਬਾਂਸ ਨਾਲ ਈ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸਖਤ ਮਿਹਨਤ ਤੇ ਨਿਰੰਤਰ ਅਭਿਆਸ ਨਾਲ ਉਹ ਜਿਲਾ ਪੱਧਰ ਤੇ ਜਿੱਤ ਗਿਆ, ਛੋਟੀ ਜਿੱਤ ਨੇਂ ਵੱਡਾ ਕੰਮ ਕੀਤਾ, ਹੌਂਸਲੇ



ਅਸ਼ੋਕ ਸੋਨੀ,
ਪਿੰਡ ਖੂਈ ਖੇੜਾ,
ਜਿਲਾ ਫਾਜ਼ਿਲਕਾ
9872705078

ਬੁਲੰਦ ਹੋ ਗਏ। ਇਕ ਵਾਰ ਸਕੂਲ ਚ ਸਪੋਰਟਸ ਡੇ ਤੇ ਮਹਾਨ ਕੋਚ ਦਰੋਣਾਚਾਰੀਆ ਅਵਾਰਡੀ ਆਰ.ਡੀ. ਸਿੰਘ ਮੁੱਖ ਮਹਿਮਾਨ ਵਜੋਂ ਆਏ ਤੇ ਦਵਿੰਦਰ ਨੂੰ ਵੇਖਦਿਆਂ ਈ, ਇਸ ਜੋਹਰੀ ਨੇ ਹੀਰੇ ਨੂੰ ਪਛਾਣ ਲਿਆ। ਉਹਨਾਂ ਦਵਿੰਦਰ ਦਾ ਦਾਖਲਾ ਨੇਹਰੂ ਕਾਲਜ ਕਰਵਾ ਆਪਣੇ ਨਾਲ ਰੋਜ ਕੋਚਿੰਗ ਦੇਣੀ ਤੇ ਪ੍ਰੈਕਟਿਸ ਕਰਵਾਉਣੀ ਸ਼ੁਰੂ ਕਰ ਦਿੱਤੀ।

ਦਵਿੰਦਰ ਦੀ ਇਹਨਾਂ ਕੋਚ ਸਾਹਿਬ ਨੇ ਬਹੁਤ ਮਦਦ ਕੀਤੀ। 2001 ਚ ਦਵਿੰਦਰ ਗਰੈਜੂਏਸ਼ਨ ਪਾਸ ਕਰ ਗਿਆ ਤੇ ਉਦੋਂ ਤੱਕ ਬੇਹਤਰੀਨ ਖਿਲਾੜੀ ਬਣ ਚੁੱਕਾ ਸੀ ਪਰ ਘਰ ਦੇ ਆਰਥਿਕ ਹਾਲਤ ਨਾਜ਼ੁਕ ਸਨ। ਉਸ ਸਮੇਂ ਢੰਗ ਦੇ ਜੈਵਲਿਨ ਦਾ ਲੱਖ ਰੁਪਈਆ ਲੱਗਦਾ ਸੀ, ਇਸ ਮਹਾਨ ਖਿਲਾੜੀ ਨੇ ਰਾਜਸਥਾਨ ਸਰਕਾਰ ਤੋਂ ਮੰਗ ਕੀਤੀ ਤਾਂ ਉਹਨਾਂ ਚਿੱਟਾ-ਨੰਗਾ ਜਵਾਬ ਦੇ ਦਿੱਤਾ ਪਰ ਇਕ ਰਹਿ-ਮਦਿਲ ਖੇਡਪ੍ਰੇਮੀ ਐਨ ਆਰ ਆਈ ਸ਼੍ਰੀ ਰਾਮਸਵਰੂਪ ਸਿੰਘ ਨੇ 75000 ਰੁਪਈਆ ਦਿੱਤਾ ਤੇ ਸਾਡੇ ਚੈਂਪੀਅਨ ਨੂੰ ਭਾਲਾ ਮਿਲ ਗਿਆ, ਬਸ ਦਵਿੰ-ਦਰ ਨੇ ਫੇਰ ਪਿੱਛੇ ਮੁੜ ਕੇ ਨਹੀਂ ਦੇਖਿਆ। ਸਰਕਾਰ ਦੀ ਅਣਦੇਖੀ ਨੂੰ ਉਹਨੇਂ ਚੈਲੇਂਜ ਦੇ ਤੌਰ ਤੇ ਲਿਆ। 2002 ਚ ਉਹਨੇਂ ਪਹਿਲੀ ਵਾਰ ਅੰਤਰਰਾਸ਼ਟਰੀ ਪੈਰਾਓਲੰਪਿਕ ਚ ਪੈਰ ਰੱਖਿਆ ਤੇ ਹਨੇਰੀ ਈ ਲਿਆ ਦਿੱਤੀ, ਉਹਨੇਂ ਏਸ਼ੀਅਨ ਗੇਮਜ਼, ਭੂਟਾਨ ਤੇ ਸਾਊਥ ਕੋਰੀਆ ਚ ਭਾਲਾ ਸੁੱਟ ਚ ਗੋਲਡ ਮੈਡਲ ਝੰਬ ਲਿਆ। ਇਸ ਬੇਹਤਰੀਨ ਪ੍ਰਦਰਸ਼ਨ ਸਦਕਾ ਦਵਿੰਦਰ ਨੂੰ 2004 ਦੀਆਂ ਪੈਰਾਓਲੰਪਿਕ ਚ ਭਾਰਤ ਲਈ ਚੁਣਿਆ ਗਿਆ। ਏਥੰਸ ਪੈਰਾਓਲੰਪਿਕ 2004 ਚ ਇਸ ਰਾਜਸਥਾਨੀ ਜਾਟ ਨੇ 62.15 ਮੀਟਰ ਜੈਵਲਿਨ ਸੁੱਟ ਗੋਲਡ ਮੈਡਲ ਜਿੱਤ ਇਤਿਹਾਸ ਸਿਰਜ ਦਿੱਤਾ। 2004 ਚ ਈ ਸਾਡੇ ਇਸ ਮਹਾਨ ਖਿਲਾੜੀ ਨੂੰ , ਦੇਸ਼ ਵੱਲੋਂ ਅਰਜੁਨ ਅਵਾਰਡ ਮਿਲਿਆ ਤੇ ਪੂਰੇ ਦੇਸ਼ ਚ ਲੋਕ ਦਵਿੰਦਰ ਨੂੰ ਜਾਣਨ ਲੱਗ ਪਏ।

ਮੰਜੂ ਦੇ ਰੂਪ ਚ ਬਹੁਤ ਹੀ ਸੁਲਝੀ ਹੋਈ ਤੇ ਸੁਘੜ ਸਿਆਣੀ, ਜੀਵਨਸਾਥਣ ਜੋ ਕਿ ਆਪ ਕਬੱਡੀ ਦੀ ਨਾਮੀ ਖਿਡਾਰਨ ਹੈ, ਦਾ ਸਾਥ ਮਿਲਣ ਨਾਲ ਦਵਿੰਦਰ ਨੂੰ ਹੋਰ ਵੀ ਹੌਂਸਲਾ ਮਿਲਿਆ। ਰੇਲਵੇ ਚ ਨੌਕਰੀ ਮਿਲਣ ਤੋਂ ਬਾਅਦ, ਦਵਿੰਦਰ ਨੇ ਨੌਕਰੀ ਦੇ ਨਾਲ-ਨਾਲ ਦਿਵਯਾਂਗ ਖਿਲਾੜੀਆਂ ਦੀ ਸਿਖਲਾਈ ਲਈ ਬਹੁਤ ਕੰਮ ਕੀਤੇ, ਜੋ ਅੱਜ ਵੀ ਜਾਰੀ ਨੇ। ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕਰਨ ਤੇ ਇਸ ਮਹਾਨ ਖਿਲਾੜੀ ਨੂੰ 2012 ਚ ਪਦਮਸ਼੍ਰੀ ਅਵਾਰਡ ਦਿੱਤਾ ਗਿਆ, ਦਵਿੰਦਰ ਪਹਿਲਾ ਪੈਰਾਓਲੰਪਿਕ ਖਿਲਾੜੀ ਏ ਜਿਸਨੂੰ ਇਹ ਵੱਡਾ ਸਨਮਾਨ ਮਿ-ਲਆ। ਉਹ ਇਸ ਸਭ ਦੇ ਨਾਲ-ਨਾਲ ਲਗਾਤਾਰ ਆਪਣੀ ਖੇਡ ਚ ਸੁਧਾਰ ਕਰਦਾ ਰਿਹਾ ਤੇ 2013 ਤੋਂ 2016 ਤੱਕ ਉਹਨੇ ਬਹੁਤ ਸਾਰੇ ਅੰਤਰਰਾਸ਼ਟਰੀ ਈਵੈਂਟ ਚ ਗੋਲਡ ਤੇ ਸਿਲਵਰ ਮੈਡਲ ਜਿੱਤੇ।

ਇਕ ਵਾਰ ਫੇਰ 2016 ਰਿਓ ਓਲੰਪਿਕਸ ਚ ਉਸਦੀ ਚੋਣ ਹੋਈ ਤੇ ਇਸ ਵਾਰ ਦਵਿੰਦਰ ਨੇ ਆਪਣਾ ਹੀ ਰਿਕਾਰਡ ਤੋੜਕੇ 63.97 ਮੀਟਰ ਭਾਲਾ ਸੁੱਟ, ਦੂਜੀ ਵਾਰ ਗੋਲਡ ਮੈਡਲ ਜਿੱਤ ਲਿਆ। ਉਹ ਇਕਲੌਤਾ ਅਜਿਹਾ ਪਲੇਅਰ ਏ, ਜਿਸਨੇ ਦੋ ਪੈਰਾਓਲੰਪਿਕ ਗੋਲਡ ਜਿੱਤੇ ਹਨ। ਇਸ ਸਫਲਤਾ ਤੇ ਜਿਸ ਰਾਜਸਥਾਨ ਸਰਕਾਰ ਨੇ ਕਦੇ 75000 ਲਈ ਦਵਿੰਦਰ ਨੂੰ ਜਵਾਬ ਦਿੱਤਾ ਸੀ, ਉਸ ਨੇ 75 ਲੱਖ ਨਕਦ, 25 ਬੀਘਾ ਜਮੀਨ ਤੇ ਇਕ ਘਰ ਨਾਲ ਸਨਮਾਨਿਤ ਕੀਤਾ ਪਰ ਮਾਂ ਜੀਵਨੀ ਦੇਵੀ ਦੇ 25 ਸਾਲ ਪੁਰਾਣੇ ਬੋਲ ਉਦੋਂ ਸੱਚ ਸਾਬਿਤ ਹੋਏ, ਜਦੋਂ ਇਸ ਮਹਾਨ ਖਿਲਾੜੀ ਨੂੰ 2017 ਚ, ਖੇਡਾਂ ਲਈ ਦੇਸ਼ ਚ ਸਭ ਵੱਡੇ ਸਨਮਾਨ ਖੇਲ ਰਤਨ ਨਾਲ ਨਿਵਾਜਿਆ ਗਿਆ।

ਤੁਹਾਨੂੰ ਕੀ ਲੱਗਦੇ , ਹੁਣ ਉਹ ਰੁੱਕ ਗਿਆ ਹੋਣਾ ? ਜੀ ਨਹੀਂ, ਇਸ ਵਾਰ ਦੀਆਂ ਟੋਕੀਓ ਪੈਰਾਓਲੰਪਿਕਸ ਲਈ, ਇਹ ਭਾਰਤੀ ਹੀਰੋ ਦੋ ਸਾਲ ਤੋਂ ਜਬਰਦਸਤ ਸਖਤ ਮਿਹਨਤ ਨਾਲ ਕਰੋਨਾ ਕਾਰਨ ਇਕਾਂਤਵਾਸ ਚ ਹੀ ਕਰੜੀ ਤਿਆਰੀ ਕਰਦਾ ਰਿਹਾ। ਇਸੇ ਤਿਆਰੀ ਦੋਰਾਨ ਪਿਛਲੇ ਸਾਲ ਅਕਤੂਬਰ ਚ ਪਿਤਾ ਦਾ ਵੀ ਦੇਹਾਂਤ ਹੋ ਗਿਆ। 40 ਸਾਲ ਦੀ ਉਮਰ ਇਸ ਵਾਰ ਟੋਕੀਓ ਓਲੰਪਿਕਸ ਦਾ ਕਵਾਲਿਫਾਇਰ ਸੀ। ਸਭ ਨੇ ਸੋਚਿਆ ਕਿ ਝਾਝੜੀਆ ਹੁਣ ਕਿੱਥੇ ਕਵਾਲਿਫਾਈ ਕਰਦਾ ਏ ਪਰ ਇਸ ਸ਼ੇਰ ਨੇ ਆਪਣਾ ਹੀ ਰਿਕਾਰਡ ਤੋੜਦਿਆਂ 65.71 ਮੀਟਰ ਜੈਵਲਿਨ ਸੁੱਟ ਸਨਸਨੀ ਫੈਲਾ ਦਿੱਤੀ । ਇਸ ਈਵੈਂਟ ਦੀ ਵੀਡੀਓ ਚ ਜੈਵਲਿਨ ਸੁੱਟਣ ਤੋਂ ਬਾਅਦ ਦਵਿੰਦਰ ਦੇ ਰਿਐਕਸ਼ਨ ਨੇ ਪੂਰੇ ਦੇਸ਼ ਨੂੰ ਭਾਵੁਕ ਕਰ ਦਿੱਤਾ ਸੀ ਤੇ ਫੇਰ ਇਸ ਖਿਲਾੜੀ ਨੇ ਇਸ ਵਾਰ ਦੇ ਪੈਰਾਓਲੰਪਿਕ ਚ ਭਾਗ ਲਿਆ। ਸਾਥਿਓ ਪੈਰਾਓਲੰਪਿਕ ਤੇ ਓਲੰਪਿਕ ਚ ਕੋਈ ਖਾਸ ਫਰਕ ਨਹੀਂ ਹੈ, ਇਸ ਵਾਰ 163 ਦੇਸ਼ਾਂ ਦੇ 4500 ਖਿਲਾੜੀਆਂ ਚ 22 ਖੇਡਾਂ ਚ 540 ਈਵੈਂਟ ਲਈ ਜਬਰਦਸਤ ਮੁਕਾਬਲਾ ਸੀ। ਦਵਿੰਦਰ ਝਾਝੜੀਆ ਨੇਂ ਇਸ ਪੈਰਾਓਲੰਪਿਕ ਚ ਫੇਰ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਜਿੱਤ ਕੇ ਓਲੰਪਿਕ ਮੈਡਲ ਦੀ ਹੈਟ੍ਰਿਕ ਲਗਾਉਣ ਦਾ ਕਾਰਨਾਮਾ ਕਰ ਦਿੱਤਾ। ਸੈਲਯੂਟ ਏ, ਦਵਿੰਦਰ ਝਾਝੜੀਆ। ਜੁਗ-ਜੁਗ ਜੀਓ।

# ਆਪਣੀ ਜਿੰਮੇਵਾਰੀ ਆਪ ਚੁੱਕੋ



ਸਾਡੀ ਮਨੁੱਖਾਂ ਦੀ ਆਦਤ ਹੈ ਕਿ ਅਸੀਂ ਜਿਆਦਾਤਰ ਆਪਣੇ ਅਣਸੁਖਾਵੇਂ ਹਲਾਤਾਂ ਦੇ ਜਿੰਮੇਵਾਰ ਦੂਸਰਿਆਂ ਨੂੰ ਠਹਿਰਾਉਂਦੇ ਹਾਂ। ਜੇਕਰ ਕੋਈ ਨਿਰਾਸ਼ ਹੁੰਦਾ ਹੈ ਤਾਂ ਜਿਆਦਾਤਰ ਕੋਸ਼ਿਸ਼ ਇਹ ਹੁੰਦੀ ਹੈ ਕਿ ਇਸਦਾ ਸਿਹਰਾ ਕਿਸ ਸਿਰ ਬੰਨਿਆ ਜਾਵੇ ਤਾਂ ਜੋ ਨਿਰਾਸ਼ਤਾ ਦੇ ਕਾਰਨ ਜੋ ਬਚੈਨੀ ਜਾਂ ਕਰੋਧ ਆ ਰਿਹਾ ਹੈ ਉਹ ਕਿਸੇ ਦੂਸਰੇ ਉੱਪਰ ਕੱਢ ਸਕੀਏ । ਇਸ ਗੱਲ ਨੂੰ ਅਸੀਂ ਦੁਰਕਾਰ ਨਹੀਂ ਸਕਦੇ । ਅੱਜ ਦੀ ਭੱਜਦੌੜ ਵਾਲੀ ਜਿੰਦਗੀ ਵਿੱਚ ਇਹ ਹਰ ਘਰ ਦੀ ਕਹਾਣੀ ਬਣੀ ਹੋਈ ਹੈ। ਅਸੀਂ ਲੋਕ ਹਮੇਸ਼ਾ ਦੂਸਰਿਆਂ ਦੇ ਕੰਨੀ ਝਾਕਦੇ ਰਹਿੰਦੇ ਹਾਂ। ਆਪਣੇ ਹੱਥੀ ਕੁਝ ਕਰਨਾ ਸਾਨੂੰ ਬਹੁਤ ਭਾਰੀ ਲੱਗਦਾ ਹੈ। ਘਰੇਲੂ ਕੰਮਾਂ ਤੋਂ ਲੈਕੇ ਸਾਡੇ ਜੀਵਨ ਨੂੰ ਲੀਹ ਤੇ ਲਿਆਉਣ ਤੱਕ ਦੇ ਫੈਂਸਲਿਆਂ ਤੱਕ ਅਸੀਂ ਲੋਕਾਂ ਉੱਪਰ ਨਿਰਭਰ ਰਹਿੰਦੇ ਹਾਂ। ਦੂਸਰਿਆਂ ਉੱਪਰ ਨਿਰਭਰ ਹੋਣ ਜਾਂ ਹਮੇਸ਼ਾ ਰਿੱਜੀ ਖੀਰ ਭਾਲਣ ਵਾਲਿਆਂ ਦੇ ਸਾਹਮਣੇ ਦੋ ਸਥਿਤੀਆਂ ਹਮੇਸ਼ਾ ਆਉਂਦੀਆਂ ਹਨ। ਇਸ ਵਿੱਚੋਂ ਪਹਿਲੀ ਸਥਿਤੀ ਇਹ ਹੁੰਦੀ ਹੈ ਕਿ ਪਹਿਲਾਂ ਤਾਂ ਅਸੀਂ ਆਪਣੇ ਜੀਵਨ ਦੀ ਜਿੰਮੇਵਾਰੀ ਆਪ ਚੁੱਕਦੇ ਹੀ ਨਹੀਂ ਹਾਂ, ਬੱਚੇ ਜਿਆਦਾਤਰ ਮਾਪਿਆਂ ਉੱਪਰ ਹੀ ਨਿਰਭਰ ਹੋਏ ਰਹਿੰਦੇ ਹਨ, ਜੇਕਰ ਮਾਪਿਆਂ ਨੇ ਬੱਚਿਆਂ ਨੂੰ ਪੜ੍ਹਾ ਲਿਖਾ ਦਿੱਤਾ ਹੈ ਤਾਂ ਹੁਣ ਬੱਚਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣਾ ਰੁਜ਼ਗਾਰ ਆਪ ਲੱਭਣ। ਖੁਦ ਹਿੰਮਤ ਕਰਨ ਤੇ ਨੌਕਰੀਆਂ ਲੱਭਣ। ਆਪਣੇ ਆਪ ਦੀ ਜਿੰਮੇਵਾਰੀ ਚੁੱਕਦੇ ਹੋਏ ਮਾਪਿਆਂ ਦੇ ਹੱਥਾਂ ਵੱਲ ਨਾ ਵੇਖਣ ਬਲਕਿ ਮਾਪਿਆਂ ਨੂੰ ਕਮਾ ਕੇ ਦੇਣ। ਪਰ ਬਹੁਤ ਸਾਰੇ ਨੌਜਵਾਨ ਅਜਿਹੇ ਹੁੰਦੇ ਹਨ ਜੋ ਪੜਾਈ ਲਿਖਾਈ ਕਰਨ ਉਪਰੰਤ ਵੀ ਮਾਪਿਆਂ ਕੋਲੋਂ ਆਸ ਰੱਖਦੇ ਹਨ ਕਿ ਹੁਣ ਨੌਕਰੀ ਜਾਂ ਕਾਰੋਬਾਰ ਵੀ ਉਹੀਓ ਸ਼ੁਰੂ ਕਰ ਕੇ ਦੇਣ। ਜੋ ਕਿ ਬਿਲਕੁਲ ਗਲਤ ਅਤੇ ਗੈਰ ਜਿੰਮੇਵਾਰੀ ਵਾਲੀ ਹਰਕਤ ਹੈ। ਇਸ ਤੋਂ ਇਲਾਵਾ ਦੂਸਰੀ ਸਥਿਤੀ ਇਹ ਹੁੰਦੀ ਹੈ ਕਿ ਕੁਝ ਮਾਪੇ ਆਪਣੇ ਬੱਚਿਆਂ ਨੂੰ ਜਿੰਮੇਵਾਰੀ ਚੁੱਕਣ ਹੀ ਨਹੀਂ ਦਿੰਦੇ, ਉਹਨਾਂ ਦੇ ਹਰ ਫੈਸਲੇ ਨੂੰ ਨਿਕਾਰ ਦਿੱਤਾ ਜਾਂਦਾ ਹੈ । ਬੱਚਿਆਂ ਦੀ ਪੜਾਈ ਲਿਖਾਈ ਤੋਂ ਲੈਕੇ ਨੌਕਰੀ ਤੱਕ ਮਾਪੇ ਏਨੀ ਜਿਆਦਾ ਸਖਤਾਈ ਰੱਖਦੇ ਹਨ ਕਿ ਬੱਚਿਆਂ ਉਪਰ ਕਈ ਅਜਿਹੇ ਫੈਸਲੇ ਥੋਪ ਦਿੱਤੇ ਜਾਂਦੇ ਹਨ , ਜਿਸ ਵਿੱਚ ਉਹ



ਹਰਕੀਰਤ
ਕੌਰ
97791180
66

ਕਦੇ ਵੀ ਖੁਸ਼ ਨਹੀਂ ਹੁੰਦੇ। ਅਜਿਹੀਆਂ ਹਾਲਤਾਂ ਵਿੱਚ ਨਿਰਾਸ਼ਤਾ ਦੇ ਆਲਮ ਲੋਕਾਂ ਦੀਆਂ ਜ਼ਿੰਦਗੀਆਂ ਤੇ ਆ ਚੜਦੇ ਹਨ ਤੇ ਫਿਰ ਸ਼ੁਰੂ ਹੁੰਦਾ ਹੈ ਇੱਕ ਦੂਸਰੇ ਉੱਪਰ ਇਲਜ਼ਾਮ ਲਾਉਣ ਦਾ ਸਿਲਸਿਲਾ, ਜਿਸ ਦਾ ਅੰਤ ਕਲੇਸ਼ ਦੇ ਰੂਪ ਵਿੱਚ ਹੁੰਦਾ ਹੈ।

ਹੁਣ ਇਹਨਾਂ ਦੋਨਾਂ ਸਥਿਤੀਆਂ ਨੂੰ ਜਾਨਣ ਉਪਰੰਤ ਹੁਣ ਦੋ ਚੀਜ਼ਾਂ ਸਾਹ-ਮਣੇ ਆਉਦੀਆਂ ਹਨ , ਇੱਕ ਤਾਂ ਇਹ ਕਿ ਕੁਝ ਬੱਚੇ (ਨੌਜਵਾਨ) ਸਾਰੀ ਉਮਰ ਆਪਣੀ ਜਿੰਮੇਵਾਰੀ ਚੁੱਕਣਾ ਹੀ ਨਹੀਂ ਚਾਉਂਦੇ। ਉਹ ਹਮੇਸ਼ਾ ਚਾਹੰਦੇ ਹਨ ਕਿ ਉਹਨਾਂ ਦੇ ਮਾਪੇ ਹੀ ਉਹਨਾਂ ਦੇ ਸਾਰੇ ਕੰਮ ਕਰਨ ਤੇ ਇੱਕ ਅਜਿਹੇ ਮਾਪੇ ਜੋ ਆਪਣੇ ਬੱਚਿਆਂ ਨੂੰ ਕੋਈ ਜਿੰਮੇਵਾਰੀ ਦੇਣਾ ਹੀ ਨਹੀਂ ਚਾਹੁੰਦੇ ਅਤੇ ਸਾਰੀ ਉਮਰ ਆਪਣੇ ਫੈਂਸਲਿਆਂ ਉੱਤੇ ਹੀ ਨਿਰਭਰ ਰੱਖਣਾ ਚਾਹੁੰਦੇ ਹਨ। ਇਹਨਾਂ ਦਾ ਸਿੱਟਾ ਇਹ ਨਿਕਲਦਾ ਹੈ ਕਿ ਦੋਨਾਂ ਹੀ ਸਥਿਤੀਆਂ ਵਿੱਚ ਇੱਕ ਚੰਗੀ ਸ਼ਖਸੀਅਤ ਦਾ ਨਿਰਮਾਣ ਨਹੀਂ ਹੋ ਸਕਦਾ। ਇੱਕ ਚੰਗੀ ਸ਼ਖਸੀਅਤ ਤਾਂ ਹੀ ਸਿਰਜੀ ਜਾਂ ਸਕਦੀ ਹੈ ਜੇਕਰ ਹਰ ਕੋਈ ਆਪਣੀ ਜਿੰਮੇਵਾਰੀ ਆਪ ਚੁੱਕੇ। ਸਾਨੂੰ ਆਪਣੀ ਜਿੰਦਗੀ ਦੇ ਹਰ ਫੈਸਲਾ ਆਪ ਲੈਣਾ ਚਾਹੀਦਾ ਹੈ ਹਾਂ ਇਹ ਜਰੂਰ ਕਿ ਉਸ ਵਿੱਚ ਤੁਸੀਂ ਆਪਣੇ ਮਾਪਿਆਂ ਅਤੇ ਹੋਰ ਤਜ਼ਰਬੇਕਾਰ ਲੋਕਾਂ ਦੀ ਸਲਾਹ ਜਰੂਰ ਲੈ ਸਕਦੇ ਹੋ ਪਰ ਤੁਹਾਡੀ ਜਿੰਦਗੀ ਦੇ ਫ਼ੈਸਲੇ ਤੁਹਾਡੇ ਦੁਆਰਾ ਲਏ ਹੋਣੇ ਚਾਹੀਦੇ ਹਨ ਤਾਂ ਜੋ ਕੱਲ ਨੂੰ ਜੋ ਵੀ ਨਤੀਜਾ ਆਉਦਾ ਹੈ ਤਾਂ ਉਸਦੇ ਜਿੰਮੇਵਾਰ ਵੀ ਤੁਸੀਂ ਆਪ ਹੋ ਸਕੋ। ਇਸੇ ਤਰ੍ਹਾਂ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਕੋਈ ਜਿੰਮੇਵਾਰ ਆਪ ਨਹੀਂ ਚੁੱਕਣ ਦਿੰਦੇ ਤਾਂ ਭਵਿੱਖ ਵਿੱਚ ਬੱਚੇ ਦੇ ਅਸਫ਼ਲ ਹੋਣ ਕਾਰਨ ਮਾਪਿਆਂ ਨੂੰ ਬਹੁਤ ਕੁਝ ਸੁਨਣਾ ਪੈਂਦਾ ਹੈ।

ਥੋੜੇ ਸਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਾਨੂੰ ਆਪਣੇ ਆਪ ਦੀ ਜਿੰਮੇਵਾਰੀ ਆਪ ਚੁੱਕਣੀ ਚਾਹੀਦੀ ਹੈ। ਜਿਹੜੇ ਲੋਕ ਹਮੇਸ਼ਾ ਦੂਸਰਿਆਂ ਦਾ ਸਹਾਰਾ ਤੱਕਦੇ ਰਹਿੰਦੇ ਹਨ, ਉਹ ਹਮੇਸ਼ਾ ਹੋਰਾਂ ਲਈ ਤੇ ਆਪਣੇ ਆਪ ਲਈ ਵੀ ਬੋਝ ਬਣ ਕੇ ਰਹਿ ਜਾਂਦੇ ਹਨ। ਇੱਕ ਵਧੀਆ, ਬੇਬਾਕ ਸ਼ਖਸੀਅਤ ਲਈ ਜਰੂਰੀ ਹੈ ਕਿ ਤੁਸੀ ਆਪਣੇ ਜੀਵਨ ਦੇ ਨਿਰਮਾਤਾ ਆਪ ਬਣੋ। ਆਪਣੇ ਨਿੱਕੇ ਨਿੱਕੇ ਕੰਮਾਂ ਤੋਂ ਲੈਕੇ ਜਿੰਦਗੀ ਦੇ ਵੱਡੇ ਫੈਸਲਿਆਂ ਤੱਕ ਦੀ ਜਿੰਮੇਵਾਰੀ ਆਪ ਚੁੱਕੋ। ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨੂੰ ਛੋਟੇ ਛੋਟੇ ਫੈਸਲੇ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਬੱਚੇ ਆਪਣੇ ਜੀਵਨ ਨੂੰ ਵਧੀਆ ਤਰੀਕੇ ਨਾਲ ਤੋਰ ਸਕਣ। ਬਚਪਨ ਤੋਂ ਨਿੱਕੀਆਂ ਨਿੱਕੀਆਂ ਜਿੰਮੇਵਾਰੀਆਂ ਤੇ ਫੈਸਲੇ ਲੈਣ ਦੀ ਆਦਤ ਬੱਚਿਆਂ ਨੂੰ ਭਵਿੱਖ ਦੇ ਸੂਝਵਾਨ ਫੈਂਸਲਾ ਨਿਰਮਾਤਾ ਬਣਾਵੇਗੀ। ਇਸ ਲਈ ਨੌਜਵਾਨ ਬੱਚਿਆਂ ਨੂੰ ਆਪਣੇ ਜੀਵਨ ਦੀ ਜਿੰਮੇਵਾਰੀ ਆਪ ਚੁੱਕਣੀ ਚਾਹੀਦੀ ਹੈ ਅਤੇ ਮਾਪਿਆਂ ਨੂੰ ਇਸ ਵਿੱਚ ਬੱਚਿਆਂ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

# ਪੰਜਾਬ ਦੇ ਲੁਪਤ ਹੋ ਰਹੇ ਲੋਕ ਨਾਚ

ਲੋਕ ਨਾਚ ਕਿਸੇ ਵੀ ਸੱਭਿਆਚਾਰ ਦਾ ਅਟੁੱਟ ਅੰਗ ਹੁੰਦੇ ਹਨ। ਹਰ ਸਭਿਆਚਾਰ ਦਾ ਆਪਣਾ ਅਲੱਗ ਲੋਕ ਨਾਚ ਹੁੰਦਾ ਹੈ। ਜਿਸ ਰਾਹੀਂ ਉਥੋਂ ਦੇ ਲੋਕ ਆਪਣੇ ਮਨ ਦੇ ਵਲਵਲਿਆਂ ਨੂੰ ਪ੍ਰਗਟਾਉਂਦੇ ਹਨ। ਜਿਥੋਂ ਤੱਕ ਪੰਜਾਬ ਦੇ ਲੋਕ ਨਾਚਾਂ ਬਾਰੇ ਗੱਲ ਕਰੀ ਜਾਂਦੀ ਹੈ ਸਾਡੇ ਖੇਤੀ ਪ੍ਰਧਾਨ ਸੂਬੇ ਦੇ ਕਿਸਾਨਾਂ ਦੁਆਰਾ ਪਾਇਆ ਜਾਂਦਾ ਭੰਗੜਾ ਇਥੋਂ ਦਾ ਮੁੱਖ ਨਾਚ ਹੈ। ਪਰ ਇਸਤੋਂ ਇਲਾਵਾ ਹੋਰ ਬਹੁਤ ਸਾਰੇ ਨਾਚ ਸਾਡੇ ਪੰਜਾਬੀ ਸੱਭਿਆਚਾਰ ਦਾ ਹਿੱਸਾ ਬਣੇ ਨੇ ,ਭਲਾ ਅੱਜ ਉਹਨਾਂ ਵਿੱਚੋ ਬਹੁਤੇ ਲੁਪਤ ਹੋਣ ਦੀ ਕਗਾਰ ਤੇ ਹਨ। ਪੰਜਾਬੀ ਇੱਕ ਜ਼ਿੰਦਾਦਿਲ ਕੌਮ ਹੈ,ਜਿਸਦੀ ਇੱਕ ਸ਼ਾਨਦਾਰ ਵਿਰਾਸਤ ਹੈ,ਉਸ ਤਰ੍ਹਾਂ ਹੀ ਇਥੋਂ ਦੇ ਲੋਕ ਨਾਚ ਵੀ ਬਹੁਤ ਸ਼ਾਨਦਾਰ ਅਤੇ ਜਾਨਦਾਰ ਹਨ।

ਭੰਗੜਾ:- ਇਹਨਾਂ ਨਾਚਾਂ ਵਿੱਚੋ ਸਭ ਤੋਂ ਜਿਆਦਾ ਮਸ਼ਹੂਰ ਭੰਗੜੇ ਦੀ ਗੱਲ ਸਭ ਤੋਂ ਪਹਿਲਾਂ ਕਰਨੀ ਬਣਦੀ ਹੈ। ਭੰਗੜਾ ਖੁਸ਼ਹਾਲੀ,ਹਿੰਮਤ ਅਤੇ ਹੌਸਲੇ ਦਾ ਪ੍ਰਤੀਕ ਹੈ। ਇਹ ਨਾਚ ਮੂਲ ਰੂਪ ਵਿੱਚ ਕਿਸਾਨਾਂ ਦਾ ਨਾਚ ਹੈ। ਜਦੋਂ ਕਣਕਾਂ ਪੱਕ ਕੇ ਸੋਨੇ ਰੰਗੀਆਂ ਹੋ ਜਾਂਦੀਆਂ ਨੇ ਤਾਂ ਕਿਸਾਨ ਨੂੰ ਜਿਥੇ ਇੱਕ ਪਾਸੇ ਘਰੇ ਫ਼ਸਲ ਤੇ ਖੁਸ਼ਹਾਲੀ ਦਾ ਚਾਅ ਹੁੰਦਾ,ਉਥੇ ਦੂਜੇ ਪਾਸੇ ਮੌਸਮ ਦੀ ਮਾਰ ਦਾ ਵੀ ਡਰ ਸਤਾਉਂਦਾ। ਜਦੋਂ ਆਖਿਰ ਕਣਕ ਵੱਢ ਕੇ ਸਾਂਭ ਲਈ ਜਾਂਦੀ ਹੈ ਤਾਂ ਉਦੋਂ ਫਿਰ ਅੰਨ ਦਾਤੇ ਦੀ ਖੁਸ਼ੀ ਆਪ ਮੁਹਾਰੇ ਫੁੱਟ ਫੁੱਟ ਪੈਂਦੀ ਹੈ। ਉਦੋਂ ਆਉਂਦੀ ਹੈ ਫਿਰ ਭੰਗੜੇ ਦੀ ਵਾਰੀ ,ਤਾਂ ਹੀ ਤਾਂ ਇਹ ਗੀਤ ਬਣਿਆ

*ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,*
*ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,*
*ਪੱਗ ਝੱਗਾ ਚਾਦਰਾ ਨਵਾਂ ਸਵਾ ਕੇ,*
*ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾ ਕੇ।*
*ਕੱਛ ਮਾਰ ਵੰਝਲੀ ਆਨੰਦ ਛਾ ਗਿਆ,*
*ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।*

ਇਸ ਤਰ੍ਹਾਂ ਭੰਗੜਾ ਹੋਰ ਖੁਸ਼ੀ ਦੇ ਮੌਕਿਆਂ ਤੇ ਵੀ ਨੱਚਿਆ ਜਾਂਦਾ ਹੈ। ਕਿਸੇ ਦੇ ਘਰ ਵਿਆਹ ਹੋਵੇ, ਬੱਚਾ ਜੰਮੇ ਦੀ ਲੋਹੜੀ ਹੋਵੇ ਆਦਿ। ਇਹ ਪੰਜਾਬੀਆਂ ਦਾ ਸਭ ਤੋਂ ਜਿਆਦਾ ਮਸ਼ਹੂਰ ਲੋਕ ਨਾਚ ਵੀ ਹੈ। ਭੰਗੜੇ ਦੇ ਪਿਛੋਕੜ ਬਾਰੇ ਗੱਲ ਕਰੀਏ ਤਾਂ ਇਹ ਪਹਿਲਾਂ ਪੱਛਮੀ ਪੰਜਾਬ ਦੇ ਜ਼ਿਲ੍ਹੇ ਸ਼ੇਖੂਪੁਰੇ ,ਪੱਛਮੀ ਗੁਜਰਾਤ ਅਤੇ ਸਿਆਲਕੋਟ ਵਿੱਚ ਹੀ ਜਿਆਦਾ ਪ੍ਰਚਲਿਤ ਸੀ। ਭੰਗੜੇ ਵਿੱਚ ਪੇਂਡੂ ਸਾਜ਼ਾਂ ਦੀ ਹੀ ਗੱਲ ਹੁੰਦੀ ਸੀ। ਜਿਵੇਂ ਢੋਲ, ਬੁਗਤੂ, ਅਲਗੋਜ਼ੇ, ਸੱਪ, ਕਾਟੋ ਆਦਿ। ਅੱਜ ਦੇ ਸਮੇਂ ਵਿੱਚ ਭੰਗੜਾ ਸਿਰਫ ਸਟੇਜਾਂ ਦਾ ਸ਼ੰਗਾਰ ਬਣ ਕੇ ਰਹਿ ਗਿਆ ਹੈ। ਬਜ਼ਾਰ ਦੀ ਲਿਸ਼ਕ ਨੇ ਸਾਡੇ ਇਸ ਸਿੱਧੇ ਸਾਦੇ ਨਾਚ ਦੀ ਅਸਲੀ ਨੁਹਾਰ ਖੋਹ ਲਈ ਹੈ।

ਗਿੱਧਾ:- ਭੰਗੜੇ ਤੋਂ ਬਾਦ ਸਾਡਾ ਸਭ ਤੋਂ ਮਸ਼ਹੂਰ ਲੋਕ ਨਾਚ ਹੈ ਗਿੱਧਾ । ਇਹ ਮੁੱਖ ਰੂਪ ਵਿੱਚ ਔਰਤਾਂ ਦਾ ਨਾਚ ਹੈ। ਇਹ ਪੰਜਾਬਣਾਂ ਦਾ ਹਰਮਨਪਿਆਰਾ ਨਾਚ ਹੈ। ਇਸ ਵਿੱਚ ਵੀ ਭੰਗੜੇ ਵਾਂਗ ਬੋਲੀਆਂ ਪੈਂਦੀਆਂ ਹਨ,ਪਰ ਇਸ ਵਿੱਚ ਪੰਜਾਬਣਾਂ ਦੀ ਤਾੜੀ ਅਤੇ ਪੈਰ ਦੀ ਅੱਡੀ ਦੀ ਧਮਕ ਖਾਸ ਜਗ੍ਹਾ ਰੱਖਦੀ ਹੈ। ਕੁਝ ਕੁੜੀਆਂ ਇਕ ਘੇਰਾ ਬਣਾ ਕੇ ਖਲੋ ਜਾਂਦੀਆਂ ਹਨ ਅਤੇ ਇਕੱਠੀਆਂ ਤਾੜੀ ਮਾਰ ਕੇ ਗਿੱਧੇ ਦਾ ਮਹੌਲ ਬਣਾਉਂਦੀਆਂ ਹਨ। ਇੱਕ ਜਾਂ ਦੋ ਕੁੜੀਆਂ ਬੋਲੀ ਪਾਉਂਦੀਆਂ ਨੇ ਅਤੇ ਬਾਕੀ ਉਸ ਬੋਲੀ ਨੂੰ ਚੁੱਕਦੀਆਂ ਹਨ। ਗਿੱਧੇ ਦੇ ਵਿੱਚ ਬੋਲੀਆਂ ਆਮ ਤੌਰ ਤੇ ਘਰੇਲੂ ਮਸਲਿਆਂ, ਨੂੰਹ ਸੱਸ ਦੀ ਟੱਕਰ,ਦਿਓਰ ਭਾਬੀ ਦਾ ਰੁਮਾਂਸ,ਚੰਗੇ ਵਰ ਦੀ ਚੋਣ,ਅੰਮੜੀ ਦਾ ਵਿਹੜਾ, ਭੈਣ ਭਰਾ ਦੇ ਵੈਰਾਗ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ। ਭਾਵੇਂ ਵਿਆਹ ਸ਼ਾਦੀ ਹੋਵੇ ਜਾਂ ਸਾਵਣ ਦਾ ਮਹੀਨਾ,ਪ੍ਰੰਪਰਾਗਤ ਗਿੱਧੇ ਦਾ ਜਲਵਾ ਦੇਖਣ ਵਾਲਾ ਧੰਨ ਧੰਨ ਕਰ ਉੱਠਦਾ ਹੈ। ਗਿੱਧੇ ਦਾ ਤਾਂ ਜਨਮ ਹੀ ਔਰਤਾਂ ਦੇ ਦਿਲਾਂ ਦੇ ਵਲਵਲਿਆਂ ਨੂੰ ਇੱਕ ਲੜੀ ਵਿੱਚ ਪ੍ਰੋਣ ਦੇ ਲਈ ਹੋਇਆ ਸੀ। ਗਿੱਧਾ ਦਿਲਾਂ ਦੀਆਂ ਸਾਂਝਾਂ ਦਾ ਪਿੜ ਹੁੰਦਾ ਹੈ। ਇਥੇ ਆ ਕੇ ਦਿਲਾਂ ਵਿਚਕਾਰ ਵਿੱਥਾਂ ਨਹੀਂ ਰਹਿੰਦੀਆਂ । ਤਾਂ ਹੀ ਤਾਂ ਬੋਲੀ ਹੈ;

*ਘਰੇ ਜਾ ਕੇ ਨਾ ਚੁੱਲ੍ਹੇ ਤੇ ਲਤ ਮਾਰੀਂ,*
*ਨੱਚਣਾ ਤਾਂ ਹੁਣ ਨੱਚ ਲੈ।*

ਮਲਵਈ ਗਿੱਧਾ:- ਪੰਜਾਬ ਦੇ ਮਾਲਵੇ ਖੇਤਰ ਅੰਦਰ ਮਰਦਾਂ ਦੇ ਗਿੱਧੇ ਦੀ ਇੱਕ ਗੌਰਵਮਈ ਵਿਲੱਖਣ ਪ੍ਰੰਪਰਾ ਰਹੀ ਹੈ। ਇਸਨੂੰ ਮਰਦਾਂ ਦਾ ਗਿੱਧਾ ਵੀ ਕਿਹਾ ਜਾਂਦਾ ਹੈ। ਇਸਦੇ ਬਚੇ ਖੁਚੇ ਅੰਸ਼ਾਂ ਨੂੰ ਪੁਰਾਣੀ ਪੀੜ੍ਹੀ ਦੇ ਲੋਕਾਂ ਵੱਲੋਂ ਪੇਸ਼ ਕੀਤੇ ਜਾਣ ਕਾਰਨ ਇਹ ਬਾਬਿਆਂ ਦੇ ਗਿੱਧੇ ਨਾਮ ਨਾਲ ਵੀ ਮਸ਼ਹੂਰ ਹੈ। ਮਲਵਈ ਗਿੱਧੇ ਦਾ ਆਰੰਭ ਉਸ ਸਮਾਜਿਕ ਲੋੜ ਵਿੱਚ ਹੋਇਆ ਸੀ,ਜਦੋਂ ਮੁੰਡੇ ਦੇ ਵਿਆਹ ਸਮੇਂ ਬਰਾਤ ਚਲੀ ਜਾਂਦੀ ਸੀ ਤਾਂ ਉਹ ਧੀ ਵਾਲੇ ਘਰ ਕਈ ਕਈ ਦਿਨ ਰਹਿੰਦੀ ਸੀ। ਵਿਆਹ ਵਾਲੇ ਸੱਖਣੇ ਘਰ ਚੋਰਾਂ,ਡਾਕੂਆਂ ਦਾ ਡਰ ਬਣਿਆ ਰਹਿੰਦਾ ਸੀ। ਇਸ ਲਈ ਮੁੰਡੇ ਦੀ ਬਰਾਤ ਜਾਣ ਮਗਰੋਂ ਪਰਿਵਾਰ ਕਿਸੇ ਨਾ ਕਿਸੇ ਤਰੀਕੇ ਜਗਰਾਤਾ ਕੱਟਦਾ ਸੀ। ਕਈ ਵਾਰੀ ਵਿਆਹ ਦੇ ਚਾਅ ਵਿੱਚ ਨਾਨਕੇ ਮੇਲ ਵਿੱਚ ਆਈਆਂ ਮਸਤੀਆਂ ਹੋਈਆਂ ਮਲਵੈਣਾਂ ਮਰਦਾਂ ਨੂੰ ਗਿੱਧੇ ਵਿੱਚ ਬੋਲੀ ਪਾਉਣ ਦੀ ਚੁਣੌਤੀ ਦੇ ਦਿੰਦੀਆਂ ਸਨ, ਜਾਂ ਫਿਰ ਗਿੱਧਾ ਪਾ ਰਹੀਆਂ ਮੁਟਿਆਰਾਂ ਵਿੱਚ ਚੋਬਰ ਵੀ ਸ਼ਾਮਿਲ ਹੋ ਜਾਂਦੇ। ਪੁਰਸ਼ਾਂ ਦੇ ਗਿੱਧੇ ਵਿੱਚ ਬੋਲੀਆਂ ਕੁਝ ਇਸ ਪ੍ਰਕਾਰ ਦੀਆਂ ਹੁੰਦੀਆਂ:-

*ਸੁਣ ਨੀ ਮੇਲਣੇ ਨਚਣ ਵਾਲੀਏ,ਮੈ ਤੇਰੇ ਜੱਸ ਗਾਵਾਂ।*
*ਮੰਦਾ ਬੋਲ ਨਾ ਬੋਲਾਂ ਗਿੱਧੇ ਵਿੱਚ ,ਖੂਬ ਬੋਲੀਆਂ ਪਾਵਾਂ।*
*ਪਿੰਡ ਤਾਂ ਸਾਡਾ ਖਾਸ ਢੁੱਡੀਕੇ,*
*ਸਭ ਗੱਲ ਖੋਲ੍ਹ ਸੁਣਾਵਾਂ,ਬਾਗ਼ ਚ ਫੁੱਲ ਖਿੜਿਆ, ਆਖੇਂ ਤਾਂ ਤੋੜ ਲਿਆਵਾਂ...*

ਦੂਜੇ ਪਾਸੇ ਮਲਵੈਨਾਂ ਵੀ ਘੱਟ ਨਹੀਂ ਹੁੰਦੀਆਂ। ਉਹ ਮੋੜਾ ਦੇਕੇ ਅਖਾੜਾ ਹੋਰ ਮਘਾ ਦਿੰਦੀਆਂ ਹਨ:-

*ਦਾੜ੍ਹੀ ਵਾਲਿਆ ਪਾਉਣੇ ਬੋਲੀਆਂ,*
*ਆਹ ਤੇਰਾ ਕੰਮ ਮਾੜਾ,*
*ਤੇਰੇ ਵਰਗੇ ਪੜ੍ਹਨ ਪੋਥੀਆਂ,*
*ਤੜਕੇ ਫੇਰਦੇ ਮਾਲਾ,*
*ਮੇਰੀ ਬੋਲੀ ਦਾ ਮੋੜ ਕਰੀਂ ਸਰਦਾਰਾ।*

ਕਿੱਕਲੀ: - ਪੰਜਾਬ ਦੇ ਲੋਕ ਨਾਚਾਂ ਦੀ ਲੜੀ ਵਿੱਚ ਨਿੱਕੀਆਂ ਬੱਚੀਆਂ ਦਾ ਅਨੋਖਾ ਨਾਚ ਵੀ ਆਪਣੀ ਅਹਿਮੀਅਤ ਰੱਖਦਾ ਹੈ। ਇਹ ਬੱਚੀਆਂ ਦੀਆਂ ਖੇਡਾਂ ਨਾਲ ਵੀ ਜੁੜਿਆ ਹੋਇਆ ਹੈ। ਇਸ ਨਾਚ ਦੇ ਲਈ ਕੋਈ ਜਗ੍ਹਾ ਜਾਂ ਸਮਾਂ ਨਿਸ਼ਚਿਤ ਨਹੀਂ ਹੁੰਦਾ। ਸਗੋਂ ਘਰਦੇ ਵਿਹੜੇ ਜਾਂ ਨੇੜੇ ਦੀ ਖੁੱਲ੍ਹੀ ਜਗ੍ਹਾ ਤੇ ਜਦ ਕੁੜੀਆਂ ਖੇਨੂੰ ਗੀਟੇ ਜਾਂ ਹੋਰ ਖੇਡਾਂ ਖੇਡਦੀਆਂ ਅੱਕ ਜਾਂਦੀਆਂ ਹਨ ਤਾਂ ਕਿੱਕਲੀ ਪਾਉਣੀ ਸ਼ੁਰੂ ਕਰ ਦਿੰਦੀਆਂ ਹਨ। ਬੱਚੀਆਂ ਦੇ ਖੇਡ ਨਾਚ ਬਾਰੇ ਆਮ ਧਾਰਨਾ ਹੈ ਕਿ ਕੁੜੀਆਂ ਆਪਣੇ ਹੱਥਾਂ ਦੀ ਕਰਿੰਗਲੀ ਜਾਂ ਕਰਿੰਗੜੀ ਪਾ ਕੇ ਨੱਚਦੀਆਂ ਹਨ। ਇਸ ਕਰਕੇ ਇਸਦਾ ਨਾਮ ਵੀ ਕਿੱਕਲੀ ਹੈ। ਇਸ ਨਾਚ ਅਨੁਸਾਰ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਇੱਕ ਦੂਜੀ ਦਾ ਹੱਥ ਇੰਝ ਫੜ ਲੈਂਦੀਆਂ ਹਨ ਕਿ ਬਾਹਵਾਂ ਦੀ ਸੰਗਲੀ ਜਿਹੀ ਬਣ ਜਾਵੇ। ਪੈਰਾਂ ਦੀਆਂ ਅਗਲੀਆਂ ਤਲੀਆਂ ਉੱਤੇ ਭਾਰ ਪਾ ਕੇ ਜੋਰ ਨਾਲ ਭੰਬੀਰੀ ਵਾਂਗ ਘੁੰਮਦੀਆਂ ਗਾਉਂਦੀਆਂ ਨੇ:-

*ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ।*
*ਦੁਪੱਟਾ ਭਰਜਾਈ ਦਾ, ਫਿਟੇ ਮੂੰਹ ਜਵਾਈ ਦਾ।*

ਝੂੰਮਰ:- ਝੂੰਮਰ ਬੁਨਿਆਦੀ ਤੌਰ ਤੇ ਮਰਦਾਂ ਦਾ ਲੋਕ ਨਾਚ ਹੈ। ਪਰ ਕੁਝ ਥਾਵਾਂ ਤੇ ਔਰਤਾਂ ਵੀ ਝੂੰਮਰ ਪਾਉਂਦੀਆਂ ਹਨ। ਪਾਕਿਸਤਾਨ ਦੀ ਮੁਸਲੀ ਜਾਤ ਵਿੱਚ ਝੂੰਮਰ ਔਰਤਾਂ ਤੇ ਮਰਦ ਰਲ ਕੇ ਪਾਉਂਦੇ ਹਨ। ਝੂੰਮਰ ਨੂੰ ਬਲੋਚਾਂ ਦਾ ਨਾਚ ਕਰਕੇ ਵੀ ਜਾਣਿਆ ਜਾਂਦਾ ਹੈ। ਝੂੰਮਰ ਪਾਉਣ ਵਾਲੇ ਝੁਮਰੀ ਨੱਚਣ ਸਮੇਂ ਝੂੰਮਦੇ ਹਨ। ਇਸੇ ਕਰਕੇ ਇਸਨੂੰ ਝੂੰਮਰ ਕਿਹਾ ਜਾਂਦਾ ਹੈ। ਦਾਇਰੇ ਵਿੱਚ ਘੁੰਮ ਘੁੰਮ ਕੇ ਨੱਚਣ ਕਰਕੇ ਇਸਨੂੰ ਘੂੰਮਰ ਵੀ ਕਿਹਾ ਜਾਂਦਾ ਹੈ। ਘੁੰਮਣਾ ਇਸਦੀ ਖੂਬਸੂਰਤੀ ਵਿੱਚ ਵਾਧਾ ਕਰਦਾ ਹੈ। ਝੂੰਮਰ ਦਾ ਪ੍ਰਤੀਨਿਧ ਖੇਤਰ ਸਾਂਦਲਬਾਰ ਦਾ ਇਲਾਕਾ ਹੈ। ਇਸ ਖੇਤਰ ਵਿੱਚ ਮਿੰਟਗੁਮਰੀ,ਸ਼ੇਖੂਪੁਰਾ,ਫੈਸਲਾਬਾਦ,ਟੋਭਾ ਟੇਕ ਸਿੰਘ,ਗੁਜਰਾਂਵਾਲਾ,ਝੰਗ ਅਤੇ ਸਰਗੋਧਾ ਆਦਿ ਜਿਲ੍ਹੇ ਆਉਂਦੇ ਹਨ। ਇਸ ਖੇਤਰ ਦੇ ਲੋਕਾਂ ਨੂੰ ਜੰਗਲੀ ਜਾਂ ਜਾਂਗਲੀ ਵੀ ਕਿਹਾ ਜਾਂਦਾ ਹੈ। ਪੁਰਾਣੇ ਜਮਾਨੇ ਵਿੱਚ ਲੋਕ ਇਹ ਨਾਚ ਖੁਦ ਤਾਂ ਨੱਚਦੇ ਹੀ ਨਾਲ ਆਪਣੇ ਪਸ਼ੂਆਂ ਨੂੰ ਵੀ ਨਚਾਉਂਦੇ ਸਨ। ਖਾਸ ਕਰਕੇ ਊਠ ਨੂੰ ਝੂੰਮਰ ਵੀ ਵਿੱਚ ਨਚਾਇਆ ਜਾਂਦਾ ਹੈ। ਵੈਸੇ ਤਾਂ ਝੂੰਮਰ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਵੀ ਮਿਲਦਾ ਹੈ,ਪਰ ਉਸਦੀ ਤਕਨੀਕ ਪੰਜਾਬ ਨਾਲੋਂ ਅਲਗ ਹੈ। ਝੂੰਮਰ ਲਈ ਖਾਸ ਸਾਜ਼ ਤਾਂ ਢੋਲ ਹੀ ਹੈ,ਪਰ ਪੇਸ਼ੇਵਰ ਟੋਲੇ ਚਿਮਟੇ,ਖੜਤਾਲਾਂ, ਤੂਤੀਆਂ, ਡਾਂਡੀਆਂ ਅਤੇ ਸ਼ਹਿਨਾਈਆਂ ਦੀ ਵਰਤੋਂ ਵੀ ਕਰਦੀਆਂ ਹਨ। ਝੂੰਮਰ ਢੋਲੀ ਦੇ ਆਸ ਪਾਸ ਗੋਲ ਘੇਰਾ ਬਣਾ ਕੇ ਨੱਚਿਆ ਜਾਂਦਾ ਹੈ।

ਸੰਮੀ:- ਸੰਮੀ ਵੀ ਪੱਛਮੀ ਪੰਜਾਬ ਵਿੱਚ ਨੱਚਿਆ ਜਾਣ ਵਾਲਾ ਨਾਚ ਹੈ। ਇਹ ਸਮਤਾ ਵਿੱਚ ਨੱਚਿਆ ਜਾਂਦਾ ਹੈ। ਇਹ ਕਾਫੀ ਪੁਰਾਤਨ ਲੋਕ ਨਾਚ ਹੈ। ਸੰਮੀ ਦਾ ਸਬੰਧ ਵੀ ਲਹਿੰਦੇ ਪੰਜਾਬ ਦੇ ਸਾਂਦਲ ਬਾਰ ਇਲਾਕੇ ਨਾਲ ਹੈ। ਸੰਮੀ ਨਾਮ ਦੀ ਮੁਟਿਆਰ ਦਾ ਮਾਹੀ ਉਸ ਨੂੰ ਛੱਡ ਕੇ ਚਲਾ ਗਿਆ ਤਾਂ ਉਹ ਬਿਰਹਣ ਬਣਕੇ ਇਹ ਨਾਚ ਨੱਚਦੀ ਫਿਰਦੀ। ਇਸਦੇ ਪ੍ਰੇਮੀ ਦਾ ਨਾਮ ਢੋਲ ਜਾਂ ਢੋਲਾ ਸੀ। ਅਜੋਕੇ ਦੌਰ ਵਿੱਚ ਵੀ ਕੁੜੀਆਂ/ ਔਰਤਾਂ ਘੇਰੇ ਵਿੱਚ ਖਲੋ ਕੇ ,ਇਕ ਦੂਜੀ ਦੀਆਂ ਬਾਹਾਂ ਵਿੱਚ ਬਾਹਾਂ ਪਾਈ ਨਾਚ ਆਰੰਭ ਕਰਦੀਆਂ ਹਨ। ਹੱਥਾਂ ਨਾਲ ਤਾਲੀ ਅਤੇ ਉਂਗਲਾਂ ਦੀਆਂ ਚੁਟਕੀਆਂ ਵਜਾਉਂਦੀਆਂ ਅਤੇ ਪੈਰਾਂ ਦੀ ਧਮਕ ਨਾਲ ਤਾਲ ਪੈਦਾ ਕਰਦੀਆਂ ਹਨ। ਨਾਲ ਨਾਲ ਸੰਮੀ ਦੇ ਪ੍ਰਚਲਿਤ ਗੀਤ ਵੀ ਗਾਉਂਦੀਆਂ ਹਨ। ਜਿਵੇਂ:-


*ਮੇਰੇ ਪੀਰ ਪਵਾਏ ਕੋਠੇ,ਵਿੱਚ ਬੋਲਣ ਤੋਤੇ,*
*ਓਹ ਗੱਡੀ ਬੰਨ੍ਹ ਖਲੋਤੇ,ਮੈ ਕੁਰਬਾਨ ਜਾਨੀ ਆਂ।*

ਲੁੱਡੀ:- ਲੁੱਡੀ ਪਾਉਣਾ ਵੈਸੇ ਪੰਜਾਬੀ ਦਾ ਇਕ ਪ੍ਰਚਲਿਤ ਮੁਹਾਵਰਾ ਹੈ। ਜਿਸ ਦਾ ਭਾਵ ਹੈ ਖੁਸ਼ੀ ਪ੍ਰਗਟ ਕਰਨਾ । ਜਦੋਂ ਫੌਜਾਂ ਜਿੱਤਕੇ ਵਾਪਿਸ ਮੁੜਦੀਆਂ ਤਾਂ ਲੁਡੀ ਪਾ ਕੇ ਉਹਨਾਂ ਦਾ ਸਵਾਗਤ ਕੀਤਾ ਜਾਂਦਾ ਸੀ । ਪਿੱਛੋਂ ਇਹ ਨਾਚ ਦਾ ਰੂਪ ਧਾਰਨ ਕਰ ਗਿਆ। ਜਿਵੇਂ ਔਰਤਾਂ ਦੇ ਗਿੱਧੇ ਪਿੱਛੋਂ ਮਰਦਾਂ ਦੇ ਗਿੱਧੇ ਦਾ ਰਿਵਾਜ਼ ਪੈ ਗਿਆ । ਇਸੇ ਤਰ੍ਹਾਂ ਵਿਆਹ ਦੀਆਂ ਰਸਮਾਂ ਜਿਵੇਂ ਖਾਰੇ ਚੜਨਾ ,ਘੋੜੀ ਚੜ੍ਹਨ ਪਿੱਛੋਂ ਔਰਤਾਂ ਨੇ ਲੁੱਡੀ ਪਾਉਣੀ ਸ਼ੁਰੂ ਕਰ ਦਿੱਤੀ। ਜਦ ਢੋਲੀ ਢੋਲ ਤੇ ਡਗਾ ਲਾਉਂਦਾ ਹੈ ਤਾਂ ਉਸਦੇ ਤਾਲ ਨਾਲ ਨੱਚਣ ਵਾਲੇ ਛਾਤੀ ਅੱਗੇ ਤਾਲੀ ਮਾਰਦੇ ,ਮੋਢੇ ਹਿਲਾਉਂਦੇ ਅਤੇ ਅੱਖਾਂ ਮਚਕਾਉਂਦੇ ਹਨ। ਜਾਣੀ ਕਿ ਫੁਮਨੀਆਂ ਪਾਉਂਦੇ ਹਨ। ਸਮੁੱਚੇ ਰੂਪ ਵਿੱਚ ਲੁੱਡੀ ਖੁਸ਼ੀਆਂ ਭਰਿਆ ਨਾਚ ਹੈ।

ਧੀਰਸ ਅਤੇ ਧਮਾਲ:- ਧਮਾਲ ਤੇ ਧੀਰਸ ਵੀ ਪੰਜਾਬ ਦੇ ਬਹੁਤ ਪੁਰਾਤਨ ਲੋਕ ਨਾਚ ਹਨ। ਧਮਾਲ ਵੀ ਲਹਿੰਦੇ ਪੰਜਾਬ ਦਾ ਹੀ ਨਾਚ ਹੈ। ਇਹ ਮੁਸਲਿਮ ਫਕੀਰਾਂ ਵਿੱਚ ਜਿਆਦਾ ਮਕਬੂਲ ਹੈ। ਇਸਨੂੰ ਲੋਕ ਮੁਸਲਿਮ ਫਕੀਰਾਂ ਦੀਆਂ ਮਜ਼ਾਰਾਂ ਤੇ ਲੱਗਣ ਵਾਲੇ ਮੇਲਿਆਂ ,ਉਰਸਾਂ ਦੇ ਸਮੇਂ ਨੱਚਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਇਸਨੂੰ ਮਲੰਗਾਂ , ਮਸਤਾਨਿਆਂ,ਅਤੇ ਕਲੰਦਰਾਂ ਦਾ ਧਾਰਮਿਕ ਨਾਚ ਵੀ ਕਿਹਾ ਜਾਂਦਾ ਹੈ।

ਧੀਰਸ ਨਾਚ ਝੂੰਮਰ ਨਾਲ ਮਿਲਦਾ ਜੁਲਦਾ ਹੀ ਸਾਂਦਲਬਾਰ ਦਾ ਇੱਕ ਹੋਰ ਨਾਚ ਹੈ। ਇਸਨੂੰ ਬਹੁਤ ਸਹਿਜ ਅਤੇ ਧੀਰਜ ਨਾਲ ਨੱਚਿਆ ਜਾਂਦਾ ਹੈ,ਤਾਂ ਹੀ ਇਸਦਾ ਨਾਮ ਵੀ ਧੀਰਸ ਹੈ। ਇਹ ਵੀ ਮੇਲਿਆਂ ਤੇ ਹੀ ਨੱਚਿਆ ਜਾਂਦਾ ਹੈ। ਉਪਰੋਕਤ ਵਿਚੋਂ ਬਹੁਤੇ ਪੰਜਾਬੀ ਲੋਕ ਨਾਚ ਅੱਜਕਲ੍ਹ ਲੁਪਤ ਹੋਣ ਦੀ ਕਗਾਰ ਤੇ ਹਨ। ਸਰਕਾਰਾਂ ਅਤੇ ਸੱਭਿਆਚਾਰ ਨਾਲ ਜੁੜੀਆਂ ਹੋਈਆਂ ਸੰਸਥਾਵਾਂ ਵੱਲੋ ਇਹਨਾਂ ਨੂੰ ਬਚਾਉਣ ਲਈ ਖੂਬ ਯਤਨ ਕਰਨੇ ਚਾਹੀਦੇ ਹਨ,ਤਾਂ ਜ਼ੋ ਸਾਡੇ ਵਿਰਸੇ ਦੇ ਅਨਮੋਲ ਰੰਗ ਸਮੇਂ ਦੀ ਗਰਦਸ਼ ਵਿੱਚ ਗੁੰਮ ਹੋਣ ਤੋਂ ਬਚ ਸਕਣ।

*-ਰਾਜਨਦੀਪ ਕੌਰ ਮਾਨ*
*6239326166*



# ਖ਼ਬਰਾਂ ਪੰਜਾਬ ਦੀਆਂ



## ਨਸ਼ੇ ਦੀ ਹਾਲਤ ਵਿੱਚ ਪਤਨੀ ਨੂੰ ਮਾਰ ਕੇ ਲਾਸ਼ ਕੋਲ ਸੁੱਤਾ ਰਿਹਾ



ਲੁਧਿਆਣਾ, 17 ਜਨਵਰੀ (ਪੋਸਟ ਬਿਊਰੋ)- ਪਤੀ-ਪਤਨੀ ਦੇ ਮਾਮੂਲੀ ਝਗੜੇਦੇ ਬਾਅਦ ਪਤੀ ਨੇ ਸ਼ਰਾਬੀ ਹਾਲਤ ਵਿੱਚ ਪਤਨੀ ਨੂੰ ਕੁੱਟ-ਕੁੱਟ ਕੇ ਜ਼ਖਮੀ ਕਰ ਦਿੱਤਾ, ਫਿਰ ਗਲਾ ਦਬਾ ਕੇ ਉਸਦੀ ਹਤਿਆ ਕਰ ਦਿੱਤੀ, ਪਰ ਉਸ ਦੇ ਸਿਰ ਉੱਤੇ ਸ਼ਰਾਬ ਦਾ ਇੰਨ੍ਹਾਂ ਨਸ਼ਾ ਸੀ ਕਿ ਉਸ ਨੂੰ ਪਤਨੀ ਦੀ ਹੱਤਿਆ ਦਾ ਪਤਾ ਨਹੀਂ ਲੱਗਾ ਅਤੇ ਉਹ ਲਾਸ਼ ਦੇ ਨਾਲ ਹੀ ਸੌਂ ਗਿਆ। ਮ੍ਰਿਤਕਾ ਦੀ ਪਛਾਣ ਵਿਸ਼ਨੂ ਸੇਤਰੀ (42) ਅਤੇ ਦੋਸ਼ੀ ਪਤੀ ਸੂਰਜ ਬਹਾਦਰ ਸੇਤਰੀ ਵਜੋਂ ਹੋਈ ਹੈ।

ਥਾਣਾ ਫੋਕਲ ਪਵਾਇੰਟ ਦੀ ਪੁਲਸ ਨੇ ਮ੍ਰਿਤਕਾ ਦੇ ਭਰਾ ਕ੍ਰਿਸ਼ਨਾ ਬਹਾਦਰ ਦੇ ਬਿਆਨਾਂ ਉੱਤੇ ਦੋਸ਼ੀ ਪਤੀ ਸੂਰਜ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਕ੍ਰਿਸ਼ਨਾ ਬਹਾਦਰ ਨੇ ਦੱਸਿਆ ਕਿ ਉਹ ਮੂਲ ਰੂਪ ਵਿੱਚ ਨੇਪਾਲ ਦੇ ਰਹਿਣ ਵਾਲੇ ਹਨ। ਉਸਦੀ ਭੈਣ ਵਿਸ਼ਨੂ ਦੀ ਸ਼ਾਦੀ 23 ਸਾਲ ਪਹਿਲਾਂ ਸੂਰਜ ਨਾਲ ਹੋਈ ਸੀ ਅਤੇ ਉਹ ਜੀਵਨਨਗਰ ਦੀ ਫੈਕਟਰੀ ਵਿੱਚ ਕੰਮ ਕਰਦੀ ਸੀ ਤੇ ਫੈਕਟਰੀ ਵਿੱਚ ਬਣੇ ਕਵਾਟਰ ਵਿੱਚ ਰਹਿੰਦੀ ਸੀ। ਉਸ ਦੇ ਨਾਲ ਉਸ ਦਾ ਪਤੀ ਅਤੇ ਬੇਟਾ ਵਿਕਾਸ ਰਹਿੰਦੇ ਸੀ। ਪਤੀ ਰਾਤ ਨੂੰ ਚੌਕੀਦਾਰੀ ਕਰਦਾ ਅਤੇ ਬੇਟਾ ਕਿਸੇ ਦੂਸਰੀ ਫੈਕਟਰੀ ਵਿੱਚ ਕੰਮ ਕਰਦਾ ਸੀ। ਸੂਰਜ ਸ਼ਰਾਬ ਪੀਣ ਦਾ ਆਦੀ ਸੀ ਤੇ ਹਮੇਸ਼ਾ ਵਿਸ਼ਨੂ ਨਾਲ ਝਗੜਾ ਕਰਦਾ ਸੀ। ਕੱਲ੍ਹ ਰਾਤ ਉਸ ਨੂੰ ਸੂਰਜ ਦਾ ਫੋਨ ਆਇਆ ਕਿ ਉਸਦੀ ਭੈਣ ਉਠ ਨਹੀਂ ਰਹੀ, ਉਸ ਨੂੰ ਕੁਝ ਹੋ ਗਿਆ ਹੈ। ਇਸਦੇ ਬਾਅਦ ਉਹ ਓਥੇ ਪਹੁੰਚਿਆ ਤਾਂ ਦੇਖਿਆ ਕਿ ਉਸਦੀ ਭੈਣ ਦੇ ਮੂੰਹ ਅਤੇ ਨੱਕ ਤੋਂ ਖ਼ੂਨ ਨਿਕਲ ਰਿਹਾ ਸੀ, ਜਦਕਿ ਗਲੇ ਉੱਤੇ ਦਬਾਏ ਜਾਣ ਦੇ ਨਿਸ਼ਾਨ ਸਨ। ਉਸ ਨੇ ਪੁਲਸ ਨੂੰ ਬੁਲਾ ਲਿਆ ਅਤੇ ਪੁਲਸ ਨੇ ਦੋਸ਼ੀ ਸੂਰਜ ਨੂੰ ਫੜ ਲਿਆ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿੱਤੀ ਸੰਕਟ ਵਿੱਚ ਘਿਰੀ

* ਸਟਾਫ ਨੂੰ ਤਨਖਾਹਾਂ ਦੇਣੀਆਂ ਵੀ ਮੁਸ਼ਕਲ ਹੋਈਆਂ

ਫਤਿਹਗੜ੍ਹ ਸਾਹਿਬ, 17 ਜਨਵਰੀ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਉੱਤੇ ਵਿੱਤੀ ਸੰਕਟ ਦੇ ਬੱਦਲ ਲਗਾਤਾਰ ਸੰਘਣੇ ਤੋਂ ਸੰਘਣੀ ਹੋਈ ਜਾ ਰਹੇ ਹਨ ਅਤੇ ਇਸ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਤੋਂ ਅਸਮਰਥ ਹੋਣ ਮੌਕੇ ਯੂਨੀਵਰਸਿਟੀ ਇੱਕ ਪੱਕੇ ਵਾਈਸ ਚਾਂਸਲਰ ਦੀ ਉਡੀਕ ਕਰ ਵੀ ਰਹੀ ਹੈ।



ਫਤਿਹਗੜ੍ਹ ਸਾਹਿਬ ਵਿਖੇ ਕਰੀਬ 165 ਏਕੜ ਵਿੱਚ 10 ਸਾਲ ਪਹਿਲਾਂ ਬਣਾਈ ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿੱਚ 4200 ਵਿਦਿਆਰਥੀ ਵੱਖ-ਵੱਖ ਵਿਸ਼ਿਆਂ ਦੇ ਲਈਪੜ੍ਹਾਈ ਕਰ ਰਹੇ ਹਨ। ਸਰਕਾਰ ਵੱਲੋਂ ਵਜ਼ੀਫਿਆਂ ਦੀ ਰਕਮ ਨਾ ਮਿਲਣ ਅਤੇ ਆਮਦਨ ਨਾਲੋਂ ਵੱਧ ਖਰਚਿਆਂ ਕਾਰਨ ਯੂਨੀਵਰਸਿਟੀ ਦੀ ਹਾਲਤ ਗੜਬੜ ਹੋਈ ਪਈ ਹੈ। ਪਿਛਲੇ ਅੱਠ ਮਹੀਨਿਆਂ ਤੋਂ ਇਸ ਯੂਨੀਵਰਸਿਟੀ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਤਨਖਾਹ ਵੀ ਨਾ ਦੇ ਸਕਣਾ ਖਰਾਬ ਹਾਲਤ ਦਾ ਸਬੂਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ੁਰੂ ਕੀਤੀ ਸੀ, ਜਿਸ ਨੂੰ ਸ਼ੁਰੂ ਕਰਨ ਦਾ ਐਲਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਹਰਿ-ਮੰਦਰ ਸਾਹਿਬ ਵਿਖੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸਥਾਪਨਾ ਦੇ ਚੌਥੇ ਸ਼ਤਾਬਦੀ ਸਮਾਗਮਾਂ ਮੌਕੇ ਕੀਤਾ ਸੀ। ਇਸ ਯੂਨੀਵਰਸਿਟੀ ਨੇ ਜੁਲਾਈ 2011 ਵਿੱਚ ਆਪਣਾ ਪਹਿਲਾ ਅਕਾਦਮਿਕ ਸ਼ੈਸ਼ਨ ਸ਼ੁਰੂ ਕੀਤਾ ਸੀ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਕਮ ਰਜਿਸਟਰਾਰ ਡਾਕਟਰ ਪ੍ਰਿਤਪਾਲ ਸਿੰਘ ਦੇ ਮੁਤਾਬਕ ਆਰਥਿਕ ਸੰਕਟ ਦਾ ਵੱਡਾ ਕਾਰਨ ਵਜ਼ੀਫੇ ਦੀ ਰਕਮ ਨਾ ਮਿਲਣਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿੱਚ ਪੰਜਾਹ ਫੀਸਦੀ ਵਿਦਿਆਰਥੀ ਵਜ਼ੀਫਾ ਸਕੀਮ ਅਧੀਨ ਸਿੱਖਿਆ ਹਾਸਲ ਕਰਦੇ ਹਨ ਤੇ ਸਰਕਾਰ ਤੋਂ ਵਜ਼ੀਫਾ ਰਾਸ਼ੀ ਨਾ ਮਿਲਣ ਕਰ ਕੇ ਤਨਖਾਹਾਂ ਦੇਣ ਵਿੱਚ ਔਖ ਆ ਰਹੀ ਹੈ। ਦੂਜੇ ਪਾਸੇ ਡਿਪਟੀ ਰਜਿਸਟਰਾਰ ਜਗਜੀਤ ਸਿੰਘ ਨੇ ਕਿਹਾ ਕਿ ਇੱਕ ਮਹੀਨੇ ਦੀ ਤਨਖਾਹ ਦਿੱਤੀ ਹੈ ਤੇ ਬਕਾਇਆ ਤਨਖਾਹ ਲਈ ਉਚ ਪੱਧਰ ਉੱਤੇ ਕੋਸ਼ਿਸ਼ਾਂ ਜਾਰੀ ਹਨ।ਇਸ ਬਾਰੇ ਉਚੇਰੀ ਸਿੱਖਿਆ ਦੇ ਮੰਤਰੀ ਪਰਗਟ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਨਹੀਂ ਸੀ, ਮਾਮਲਾ ਧਿਆਨ ਵਿੱਚ ਆਇਆ ਹੈ ਤਾਂ ਇਸ ਦੀ ਛੇਤੀ ਜਾਂਚ ਕਰਾਉਣਗੇ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਕਹਿ ਰਹੇ ਹਨ ਕਿ ਸੰਕਟ ਦਾ ਕਾਰਨ ਸਰਕਾਰ ਤੋਂ ਵਜ਼ੀਫਾ ਰਾਸ਼ੀ ਨਾ ਮਿਲਣਾ ਹੈ, ਸ਼੍ਰੋਮਣੀ ਕਮੇਟੀ ਮਿਥੇ ਫੰਡ ਯੂਨੀਵਰਸਿਟੀ ਨੂੰ ਹਰ ਸਾਲ ਭੇਜ ਰਹੀ ਹੈ, ਪਰ ਸਰਕਾਰ ਵੱਲ ਵਜ਼ੀਫਾ ਰਾਸ਼ੀ ਦਾ 17 ਕਰੋੜ ਰੁਪਏ ਬਕਾਇਆ ਹੈ।

## ਕੋਵਿਡ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਬਿਕਰਮ ਸਿੰਘ ਮਜੀਠੀਆ ਉੱਤੇ ਕੇਸ ਦਰਜ



ਅੰਮ੍ਰਿਤਸਰ, 17 ਜਨਵਰੀ (ਪੋਸਟ ਬਿਊਰੋ)- ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਆਮਦ ਮੌਕੇ ਕੱਲ੍ਹ ਏਥੇ ਪਾਰਟੀ ਵਰਕਰਾਂ ਦੇ ਵੱਡੇ ਇਕੱਠ ਕਾਰਨ ਕੋਰੋਨਾ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਉਨ੍ਹਾਂ ਉੱਤੇ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਧਾਰਾ 188, ਡਿਜ਼ਾਸਟਰ ਮੈਨੇਜਮੈਂਟ ਐਕਟ 2005 ਦੀ ਧਾਰਾ 52, ਐਪੀਡੈਮਿਕ ਡਿਸੀਜ਼ਿਜ਼ ਐਕਟ 1897 ਹੇਠ ਥਾਣਾ ਸੁਲਤਾਨਵਿੰਡ ਵਿੱਚ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੇ ਖਿਲਾਫ ਐਨ ਡੀ ਪੀ ਐਸ ਐਕਟ ਹੇਠ ਵੀ ਕੇਸ ਦਰਜ ਹੈ ਅਤੇ ਇਸ ਕੇਸ ਵਿੱਚੋਂ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਮਗਰੋਂ ਉਹ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਸਨ। ਉਨ੍ਹਾਂ ਦੀ ਆਮਦ ਉੱਤੇ ਸਥਾਨਕ ਗੋਲਡਨ ਗੇਟ ਵਿਖੇ ਅਕਾਲੀ ਵਰਕਰ ਵੱਡੀ ਗਿਣਤੀ ਵਿੱਚ ਇੱਕਠੇ ਹੋਏ ਅਤੇ ਕਾਫਲੇ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਗਏ ਸਨ।

ਪੰਜਾਬ ਸਰਕਾਰ ਦੇ ਬੁਲਾਰੇ ਮੁਤਾਬਕ ਅਕਾਲੀ ਵਰਕਰਾਂ ਨੇ ਵੱਡੇ ਇਕੱਠ ਨਾਲ ਕੋਰੋਨਾ ਪਾਬੰਦੀਆਂ ਦੀ ਉਲੰਘਣਾ ਕੀਤੀ ਹੈ, ਜਿਸ ਨੂੰ ਪ੍ਰਸ਼ਾਸਨ ਨੇ ਗੰਭੀਰਤਾ ਨਾਲ ਲਿਆ ਤੇ ਉਨ੍ਹਾਂ ਦੇ ਖਿਲਾਫ ਥਾਣਾ ਸੁਲਤਾਨਵਿੰਡ ਵਿੱਚ ਸ਼ਿਕਾਇਤ ਦਰਜ ਕਰਾਈ ਗਈ ਹੈ। ਉਨ੍ਹਾਂ ਦੱਸਿਆ ਕਿ ਹਲਕਾ ਪੂਰਬੀ ਦੇ ਇਸ ਇਲਾਕੇ ਵਿੱਚ ਉਸ ਵੇਲੇ ਤੈਨਾਤ ਐਫ ਐਸ ਟੀ ਟੀਮ ਇਸ ਦੀ ਸੂਚਨਾ ਮਿਲਣ ਉੱਤੇ ਉਥੇ ਪੁੱਜ ਗਈ ਸੀ, ਜਿਨ੍ਹਾਂ ਇਸ ਮਾਮਲੇ ਦੀ ਵੀਡੀਓ ਰਿਕਾਰਡਿੰਗ ਵੀ ਕੀਤੀ ਹੈ। ਸੈਂਕੜੇ ਲੋਕ ਮੌਕੇ ਉੱਤੇ ਇਕੱਠੇ ਸਨ, ਜੋ ਬਿਕਰਮ ਸਿੰਘ ਮਜੀਠੀਆ ਨੂੰ ਸਿਰੋਪਾਓ ਅਤੇ ਹਾਰ ਪਾ ਰਹੇ ਸਨ।

## ਸਾਬਕਾ ਐਸ ਐਮ ਓ ਨਾਲ 1.39 ਕਰੋੜ ਦੀ ਠੱਗੀ, ਦੋ ਭਰਾਵਾਂ ਉਤੇ ਕੇਸ ਦਰਜ

ਜਲੰਧਰ, 17 ਜਨਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਥਾਣਾ ਮਕਸੂਦਾਂ ਹੇਠਲੇ ਇਲਾਕੇ ਵਿੱਚ ਜ਼ਮੀਨ ਦੇ ਸੌਦੇ ਵਿੱਚ ਰਿਟਾਇਰਡ ਡਾਕਟਰ ਜਸਬੀਰ ਸਿੰਘ ਨਾਲ 1,37,75,000 ਰੁਪਏ ਦੀ ਠੱਗੀ ਬਾਰੇ ਗਾਰਡਨ ਕਾਲੋਨੀ ਦੇ ਇਤਪਾਲ ਸਿੰਘ ਤੇ ਉਸ ਦੇ ਭਰਾ ਗੁਰਵਿੰਦਰ ਸਿੰਘ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਦੋਸ਼ ਹੈ ਕਿ ਸਾਜ਼ਿਸ਼ ਦੇ ਤਹਿਤ ਵੇਚੀ ਗਈ ਜ਼ਮੀਨ 13 ਏਕੜ ਵਿੱਚੋਂ 10 ਏਕੜ ਜ਼ਮੀਨ ਪੰਚਾਇਤੀ ਸੀ।

ਡਾਕਟਰ ਜਸਬੀਰ ਸਿੰਘ ਨੇ ਜਨਵਰੀ 2020 ਵਿੱਚ ਆਪਣੇ ਨਾਲ ਠੱਗੀ ਬਾਰੇ ਮੁੱਖ ਮੰਤਰੀ ਨੂੰ ਸ਼ਿਕਾਇਤ ਦਿੱਤੀ ਸੀ ਅਤੇ ਦੋ ਸਾਲ ਦੀ ਲੰਬੀ ਜਾਂਚ ਦੇ ਬਾਅਦ ਕੇਸ ਦਰਜ ਕੀਤਾ ਗਿਆ ਹੈ। ਦੋਵੇਂ ਦੋਸ਼ੀ ਹਾਈ ਪ੍ਰੋਫਾਈਲ ਵਿਅਕਤੀ ਹਨ। ਛੋਟੀ ਬਾਰਾਦਰੀ ਦੇ ਰਹਿਣ ਵਾਲੇ ਡਾਕਟਰ ਜਸਬੀਰ ਸਿੰਘ ਨੇ ਮੁੱਖ ਮੰਤਰੀ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਸੀ ਕਿ ਉਹ ਸਿਹਤ ਵਿਭਾਗ ਤੋਂ ਸੀਨੀਅਰ ਮੈਡੀਕਲ ਅਫਸਰ ਰਿਟਾਇਰ ਹੋਏ ਹਨ। ਕਰੀਬ ਦਸ ਸਾਲ ਪਹਿਲਾਂ ਉਨ੍ਹਾਂ ਨੇ ਮਕਸੂਦਾਂ ਦੇ ਨੇੜੇ ਪਿੰਡ ਸੂਰਾ ਦੀ ਹੱਦ ਵਿਚ 13 ਏਕੜ ਜ਼ਮੀਨ ਦਾ ਸੌਦਾ 2,56,10,000 ਰੁਪਏ ਵਿੱਚ ਗਾਰਡਨ ਕਾਲੋਨੀ ਦੇ ਵਾਸੀ ਇਤਪਾਲ ਸਿੰਘ ਅਤੇ ਗੁਰਵਿੰਦਰ ਸਿੰਘ ਨਾਲ ਕੀਤਾ ਸੀ। ਜ਼ਮੀਨ ਦਾ ਐਗਰੀਮੈਂਟ ਡਾਕਟਰੀ ਦੀ ਪਤਨੀ, ਬੇਟੀ, ਮਾਂ ਦੇ ਨਾਲ-ਨਾਲ ਦੋਸਤ ਪ੍ਰਿੰਸੀਪਲ ਰਤਨ ਸਿੰਘ ਦੀਆਂ ਤਿੰਨ ਮਹਿਲਾ ਮੈਂਬਰਾਂ ਦੇ ਨਾਂਅ ਉੱਤੇ ਕਰਾਇਆ ਸੀ। ਐਗਰੀਮੈਂਟ ਤਕ ਡਾਕਟਰ ਨੇ 1,53,74,000 ਰੁਪਏ ਦਿੱਤੇ ਸਨ, ਜਿਨ੍ਹਾਂ ਵਿੱਚੋਂ 60 ਲੱਖ ਰੁਪਏ ਕੈਸ਼ ਸੀ। ਡਾਕਟਰ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ 13 ਏਕੜ ਵਿੱਚੋਂ 10 ਏਕੜ ਪੰਚਾਇਤ ਦੀ ਹੈ, ਜਿਸ ਰਜਿਸਟਰੀ ਨਹੀਂ ਹੋ ਸਕਦੀ। ਜਦ ਉਨ੍ਹਾਂ ਨੇ ਦੋਸ਼ੀ ਭਰਾਵਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਯਕੀਨ ਦਿਵਾਇਆ ਕਿ ਤਿੰਨ ਮਹੀਨੇ ਵਿੱਚ ਪੇਮੈਂਟ ਮੋੜ ਦੇਣਗੇ, ਪਰ ਕੇਵਲ 16 ਲੱਖ ਰੁਪਏ ਹੀ ਦਿੱਤੇ ਅਤੇ ਹੌਲੀ-ਹੌਲੀ ਦੋ ਸਾਲ ਨਿਕਲ ਗਏ।ਡਾਕਟਰ ਨੇ ਕਿਹਾ ਕਿ ਇਸ ਧੋਖੇ ਬਾਰੇ ਉਨ੍ਹਾਂ ਨੇ ਦਿਹਾਤੀ ਪੁਲਸ ਨੂੰ ਸ਼ਿਕਾਇਤ ਕੀਤੀ, ਪਰ ਸੁਣਵਾਈ ਨਹੀਂ ਹੋਈ। ਫਿਰ ਇਨਸਾਫ ਲਈ ਜਨਵਰੀ 2020 ਵਿੱਚ ਮੁੱਖ ਮੰਤਰੀ ਨੂੰ ਸ਼ਿਕਾਇਤ ਦਿੱਤੀ ਤਾਂ ਜਾਂਚ ਸ਼ੁਰੂ ਕੀਤੀ ਗਈ। ਐਸ ਪੀ (ਐਚ) ਨੇ ਜਾਂਚ ਵਿੱਚ ਕਿਹਾ ਕਿ ਸਾਜ਼ਿਸ਼ ਹੇਠ ਡਾਕਟਰ ਜਸਬੀਰ ਸਿੰਘ ਦੇ ਨਾਲ ਧੋਖਾਧੜੀ ਕੀਤੀ ਗਈ ਹੈ ਅਤੇ 13 ਏਕੜ ਵਿੱਚੋਂ 10 ਏਕੜ ਜ਼ਮੀਨ ਪੰਚਾਇਤੀ ਹੈ।

## ਦਲਬਦਲੂ ਰੁਪਿੰਦਰ ਰੂਬੀ ਨੂੰ ਟਿਕਟ ਦੇਣ ਦਾ ਕਾਂਗਰਸ ਵਿੱਚ ਵਿਰੋਧ

ਮਲੋਟ, 17 ਜਨਵਰੀ (ਪੋਸਟ ਬਿਊਰੋ)- ਕੱਲ੍ਹ ਇੱਥੇ ਗੈਸਟ ਹਾਊਸ ਵਿੱਚ ਅੱਧੀ ਦਰਜਨ ਦੇ ਕਰੀਬ ਸਥਾਨਕ ਕਾਂਗਰਸੀ ਆਗੂਆਂ ਨੇ ਮੀਟਿੰਗ ਕਰ ਕੇ ਹਲਕੇ ਤੋਂ ਬਾਹਰਲੀ ਉਮੀਦਵਾਰ ਰੁਪਿੰਦਰ ਕੌਰ ਰੂਬੀ ਨੂੰ ਕਾਂਗਰਸ ਟਿਕਟ ਦੇਣ ਦੇ ਖਿਲਾਫ ਰੋਸ ਪ੍ਰਗਟ ਕੀਤਾ ਅਤੇ ਕਿਹਾ ਕਿ ਮਲੋਟ ਵਿੱਚ ਹਰ ਵਾਰ ਬਾਹਰ ਦਾ ਉਮੀਦਵਾਰ ਥੋਪਿਆ ਜਾਂਦਾ ਹੈ।

ਕਾਂਗਰਸ ਸੇਵਾ ਦਲ ਦੇ ਆਗੂ ਓਮ ਪ੍ਰਕਾਸ਼ ਖਿੱਚੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ਼ਮਸ਼ੇਰ ਸਿੰਘ ਸ਼ੰਮੀ ਅਤੇ ਮਲੋਟ ਹਲਕੇ ਤੋਂ ਟਿਕਟ ਦਾ ਦਾਅਵਾ ਕਰਨ ਵਾਲੇ ਹੋਰ ਆਗੂਆਂ ਨੇ ਕਿਹਾ ਕਿ ਇਸ ਰਿਜ਼ਰਵ ਹਲਕੇ ਵਿੱਚ ਐਸ ਸੀ ਭਾਈਚਾਰੇ ਨਾਲ ਸਬੰਧਤ ਬਹੁਤ ਸਾਰੇ ਕਾਬਲ, ਸੂਝਵਾਨ ਅਤੇ ਪੜ੍ਹੇ ਲਿਖੇ ਆਗੂਹਨ, ਜਿਨ੍ਹਾਂ ਦਾ ਲੋਕਾਂ ਵਿੱਚ ਚੰਗਾ ਅਸਰ ਹੈ, ਪਰ ਪਾਰਟੀ ਨੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀਬਾਹਰਲੇ ਉਮੀਦਵਾਰ ਨੂੰ ਟਿਕਟ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਅਜਾਇਬ ਸਿੰਘ ਭੱਟੀ ਹਲਕਾ ਬਠਿੰਡਾ ਤੋਂ ਲਿਆਂਦੇ ਸਨ ਤੇ ਇਸ ਵਾਰੀ ਰੁਪਿੰਦਰ ਕੌਰ ਰੂਬੀ ਵੀ ਬਠਿੰਡਾ ਦੀ ਵਸਨੀਕ ਹੈ। ਉਨ੍ਹਾ ਨੇ ਕਿਹਾ ਕਿ ਜੇ ਰੂਬੀ ਜਿੱਤ ਵੀ ਗਈ ਤਾਂ ਮਲੋਟ ਦੇ ਲੋਕਾਂ ਨੂੰ ਆਪਣੇ ਕੰਮ ਧੰਦਿਆਂ ਲਈ ਪਹਿਲਾਂ ਵਾਂਗ ਬਠਿੰਡਾ ਗੇੜੇ ਮਾਰਨੇ ਪੈਣਗੇ, ਜਿਸ ਕਰ ਕੇ ਉਹ ਬਾਹਰੀ ਉਮੀਦਵਾਰ ਦਾ ਵਿਰੋਧ ਕਰਦੇ ਹਨ। ਦੂਜੇ ਪਾਸੇ ਰੁਪਿੰਦਰ ਕੌਰ ਨੇ ਕਿਹਾ ਕਿ ਬਾਹਰ ਦੇ ਉਮੀਦਵਾਰ ਦਾ ਕੋਈ ਮਸਲਾ ਨਹੀਂ, ਸੰਵਿਧਾਨ ਅਨੁਸਾਰ ਕੋਈ, ਕਿਤੋਂ ਵੀ ਚੋਣ ਲੜ ਸਕਦਾ ਹੈ।

Steinmetz & Associates

PERSONAL INJURY LAWYERS



Harry Steinmetz

Certified as Specialist by the Law Society of Ontario in Civil Litigation

(with over 27yrs. of experience)



BOBBY SIDHU

partner

(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims

Protect yourself, Protect your family, Know your rights.

For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਡੇਢ ਸਾਲ ਪਹਿਲਾਂ ਖ਼ੁਦਕੁਸ਼ੀ ਕਰ ਗਏ ਫੌਜੀ ਦੇ ਸਹੁਰਿਆਂ ਖ਼ਿਲਾਫ਼ ਕੇਸ ਦਰਜ

ਭੋਗਪੁਰ, 17 ਜਨਵਰੀ (ਪੋਸਟ ਬਿਊਰੋ)- ਪਿੰਡ ਭਟਨੂਰਾ ਲੁਬਾਣਾ,ਥਾਣਾ ਭੋਗਪੁਰ ਵਿੱਚ ਡੇਢ ਸਾਲ ਪਹਿਲਾਂ ਇੱਕ ਫ਼ੌਜੀ ਵੱਲੋਂ ਆਤਮਹੱਤਿਆ ਕਰ ਲੈਣ ਦੇ ਮਾਮਲੇ ਵਿੱਚ ਪੁਲਸ ਨੇ ਲੰਬੀ ਜਾਂਚ ਤੋਂ ਬਾਅਦ ਮ੍ਰਿਤਕ ਦੇ ਸਹੁਰਾ ਪਰਵਾਰ ਦੇ ਸੱਤ ਮੈਂਬਰਾਂ ਦੇ ਖ਼ਿਲਾਫ਼ ਆਤਮ ਹੱਤਿਆ ਕਰਨ ਲਈ ਉਕਸਾਉਣ ਦਾ ਕੇਸ ਦਰਜ ਕੀਤਾ ਹੈ।

ਵਰਨਣ ਯੋਗ ਹੈ ਕਿ ਪਿੰਡ ਭਟਨੂਰਾ ਲੁਬਾਣਾ ਦੇ ਸਤਨਾਮ ਸਿੰਘ ਦਾ ਪੁੱਤਰ ਜਸਬੀਰ ਸਿੰਘ, ਜੋ ਫ਼ੌਜ ਵਿੱਚ ਨੌਕਰੀ ਕਰਦਾ ਸੀ ਅਤੇ ਤਿੰਨ ਜੂਨ 2020 ਨੂੰ ਛੁੱਟੀਆਇਆ ਸੀ। ਇਸ ਦੌਰਾਨ ਉਸ ਨੇ ਰਾਤ ਨੂੰ ਆਪਣੇ ਕਮਰੇ ਵਿਚਲੇ ਛੱਤ ਵਾਲੇ ਪੱਖੇ ਨਾਲ ਫਾਹਾ ਲਾ ਕੇ ਆਤਮਹੱਤਿਆ ਕਰ ਲਈ ਸੀ, ਜਿਸ ਬਾਰੇਓਦੋਂ ਮ੍ਰਿਤਕ ਦੇ ਪਿਤਾ ਨੇ ਪੁਲਸ ਨੂੰ ਦੱਸਿਆ ਸੀ ਕਿ ਉਸ ਦਾ ਪੁੱਤਰ ਡਿਪਰੈਸ਼ਨ ਦੀ ਹਾਲਤ ਵਿੱਚ ਤੇ ਬੀਮਾਰੀ ਤੋਂ ਦੁਖੀ ਸੀ, ਇਸ ਕਾਰਨ ਉਸ ਨੇ ਫਾਹਾ ਲਾ ਕੇ ਖੁਦਕੁਸ਼ੀਕਰ ਲਈ ਹੈ ਤੇ ਉਹ ਕਿਸੇ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕਰਾਉਣਾ ਚਾਹੁੰਦਾ।

ਇਸ ਦੇ ਚਾਰ ਮਹੀਨੇ ਬਾਅਦ ਮ੍ਰਿਤਕ ਜਸਵੀਰ ਸਿੰਘ ਦੇ ਪਿਤਾ ਸਤਨਾਮ ਸਿੰਘ ਨੇ ਥਾਣਾ ਮੁੱਖੀ ਭੋਗਪੁਰ ਨੂੰ ਇੱਕ ਸੋਸਾਈਡ ਨੋਟਦਿੱਤਾ, ਜੋ ਪੰਜਾਬੀ ਵਿੱਚ ਟਾਈਪ ਕੀਤਾ ਹੋਇਆ ਸੀ, ਜਿਸ ਵਿੱਚ ਜਸਬੀਰ ਸਿੰਘ ਨੇ ਲਿਖਿਆ ਸੀ ਕਿ ਮੇਰੀ ਪਤਨੀ ਗੁਰਵਿੰ-ਦਰ ਕੌਰ ਨੇ ਆਪਣੇ ਮਾਪਿਆਂ ਨਾਲ ਅਤੇ ਆਪਣੇ ਆਸ਼ਕ ਨਾਲ ਮਿਲ ਕੇ ਮੈਨੂੰ ਅਤੇ ਮੇਰੇ ਪਰਵਾਰ ਨੂੰ ਬਹੁਤ ਪ੍ਰੇਸ਼ਾਨ ਕੀਤਾ ਹੈ ਤੇ ਪਿਛਲੇ ਕੁਝ ਮਹੀਨਿਆਂ ਤੋਂ ਮੈਨੂੰ ਖ਼ੁਦਕੁਸ਼ੀ ਕਰਨਨੂੰ ਉਕਸਾਇਆ ਜਾ ਰਿਹਾ ਹੈ। ਇਸ ਵਿੱਚ ਮੇਰੀ ਪਤਨੀ ਗੁਰਵਿੰਦਰ ਕੌਰ, ਉਸ ਦੇ ਤਾਏ ਦਾ ਲੜਕਾ ਸਤਨਾਮ ਸਿੰਘ, ਸਹੁਰਾ ਅਵਤਾਰ ਸਿੰਘ, ਸਾਲਾ ਸੁਖਵਿੰਦਰ ਸਿੰਘ ਅਤੇ ਦੂਸਰਾ ਸਾਲਾ ਉਤਮ ਸਿੰਘ, ਸੱਸ ਕੁਲਦੀਪ ਕੌਰ, ਸਾਲੇ ਦਾ ਪੁੱਤਰ ਗੁਰਪ੍ਰੀਤ ਸਿੰਘ ਉਰਫ ਗੋਪੀ, ਜੋ ਠਾਕੁਰ ਦਵਾਰਾ, ਜੰਡਵਾਲ ਤਹਿਸੀਲ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਾਸੀ ਹਨ, ਮੈਨੂੰ ਖ਼ੁਦਕੁਸ਼ੀ ਕਰਨ ਲਈ ਉਕਸਾ ਰਹੇ ਹਨ। ਜੇ ਕਦੀ ਮੈਂ ਖ਼ੁਦਕੁਸ਼ੀ ਕਰ ਲਵਾਂ ਤਾਂਇਨ੍ਹਾਂ ਸਾਰੇ ਲੋਕਾਂ ਅਤੇ ਮੇਰੀ ਪਤਨੀ ਗੁਰਵਿੰਦਰ ਕੌਰ ਉੱਤੇਕੇਸ ਦਰਜ ਕੀਤਾ ਜਾਵੇ ਤਾਂ ਕਿ ਮੈਨੂੰ ਮਰਨ ਤੋਂ ਬਾਅਦ ਇਨਸਾਫ਼ ਮਿਲ ਸਕੇ। ਇਸ ਸੁਸਾਈਡ ਨੋਟ ਦੇ ਥੱਲੇ ਜਸਬੀਰ ਸਿੰਘ ਨੇ ਅੰਗਰੇਜ਼ੀ ਵਿੱਚ ਦਸਖ਼ਤ ਕੀਤੇ ਹੋਏ ਸਨ।ਜਸਬੀਰ ਸਿੰਘ ਦੇ ਪਿਤਾ ਨੇ ਸੁਸਾਈਡ ਨੋਟ ਦੇ ਨਾਲ ਇੱਕ ਪੈਨ-ਕਾਰਡ ਵੀ ਪੇਸ਼ ਕੀਤਾ। ਸਤਨਾਮ ਸਿੰਘ ਦੇ ਦੱਸਣ ਮੁਤਾਬਕ ਜਸਬੀਰ ਸਿੰਘ ਦਾ ਬੈਂਕ ਰਿਕਾਰਡ ਸਥਾਨਕ ਐਸ ਬੀ ਆਈ ਬੈਂਕ ਤੋਂ ਲਿਆ ਗਿਆ ਅਤੇ ਜਸਬੀਰ ਸਿੰਘ ਦੇ ਦਸਖਤਾਂ ਦੀ ਤਸਦੀਕ ਲਈ ਉਸ ਨੂੰ ਮਾਹਰਾਂ ਕੋਲ ਮੁਹਾਲੀ ਭੇਜਿਆ ਗਿਆ ਤਾਂ ਜਸਬੀਰ ਸਿੰਘ ਦੇ ਦਸਖਤ ਸਹੀ ਨਿਕਲੇ। ਪੁਲਸ ਨੇਡੀ ਏ ਲੀਗਲ ਦੀ ਰਾਏ ਉਪਰੰਤ ਉਪਰੋਕਤ ਸੱਤਾਂ ਦੋਸ਼ੀਆਂ ਖ਼ਿਲਾਫ਼ ਆਤਮਹੱਤਿਆ ਲਈ ਉਕਸਾਉਣ ਦਾ ਮਾਮਲਾ ਦਰਜ ਕਰ ਲਿਆ ਹੈ।

## ਸ਼ਤਾਬਦੀ ਐਕਸਪ੍ਰੈਸ ਟਰੇਨ ਉੱਤੇ ਪੱਥਰ ਮਾਰਨ ਵਾਲੇ 5 ਦੋਸ਼ੀ ਕਾਬੂ



ਜੈਤੋ, 17 ਜਨਵਰੀ (ਪੋਸਟ ਬਿਊਰੋ)- ਰੇਲਵੇ ਸੂਤਰਾਂ ਮੁਤਾਬਕ ਬੀਤੀ ਰਾਤ ਕਰੀਬ 21.32 ਵਜੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੋਂ ਅੰਮ੍ਰਿਤਸਰ ਲਈ ਜਾ ਰਹੀ ਸ਼ਤਾਬਦੀ ਐਕਸਪ੍ਰੈਸ ਉੱਤੇ ਉਸ ਸਮੇਂ ਪਥਰਾਅ ਦੀ ਘਟਨਾ ਵਾਪਰੀ ਜਦੋਂ ਇਹ ਸਥਾਨਕ ਖੇਤਰ ਦੇ ਯਾਰਡ ਸਾਈਡ ਨੇੜੇ ਪੁੱਜੀ। ਆਰ ਪੀ ਐਫ ਜਲੰਧਰ ਸ਼ਹਿਰ ਨੇ ਤੁਰੰਤ ਹਰਕਤ ਵਿੱਚ ਆ ਗਈ ਅਤੇ ਰੇਲਵੇ ਯਾਰਡ ਵੱਲ ਸਰਗਰਮੀਸ਼ੁਰੂ ਕਰ ਕੇ ਦੋਸ਼ੀ ਫੜ ਲਏ ਹਨ।

ਪੁਲਸ ਨੇ ਪੱਥਰਬਾਜ਼ੀ ਦੀ ਇਸ ਘਟਨਾ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਰਿਤਿਕ ਵਰਮਾ, ਰਾਘਵੰਦ ਅਤੇ ਦੀਪਕ ਕੁਸ਼ਵਾਹਾ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਘਟਨਾ ਕਾਰਨ ਉਪਰੋਕਤ ਰੇਲਗੱਡੀ ਦੀਆਂ 15 ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਸਨ, ਪਰ ਕਿਸੇ ਯਾਤਰੀ ਜਾਂ ਸਟਾਫ ਨੂੰ ਕੋਈ ਸੱਟ ਨਹੀਂ ਲੱਗੀ। ਪੁੱਛ-ਪੜਤਾਲ ਕਰਨ ਉੱਤੇ ਪਤਾ ਲੱਗਾ ਕਿ ਇਹ ਘਟਨਾ ਜਲੰਧਰ ਸਿਟੀ ਰੇਲਵੇ ਸਟੇਸ਼ਨ ਨੇੜੇ ਕਾਜ਼ੀਮੰਡੀ ਦੇ ਦੋ ਸਮਾਜ ਵਿਰੋਧੀ ਅਨਸਰਾਂ ਦੀ ਆਪਸੀ ਦੁਸ਼ਮਣੀ ਦਾ ਨਤੀਜਾ ਹੈ। ਪਥਰਾਅ ਦੀਆਂ ਪਿਛਲੀਆਂ ਕੁਝ ਘਟਨਾਵਾਂ ਵਿੱਚ ਵੀ ਇਨ੍ਹਾਂ ਦੀ ਸ਼ਮੂਲੀਅਤ ਦੀ ਪੁਸ਼ਟੀ ਹੋਈ ਹੈ। ਉਪਰੋਕਤ ਦੋਸ਼ੀਆਂ ਨੇ ਆਪਣੇ ਤਿੰਨ ਹੋਰ ਸਾਥੀਆਂ ਦੇ ਨਾਂਵਾਂ ਦਾ ਖੁਲਾਸਾ ਕੀਤਾ ਹੈ, ਜਿਨ੍ਹਾਂ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

## ਕੋਕਰੀ ਕਲਾਂ ਦੇ ਲਾਪਤਾ ਨੌਜਵਾਨ ਦੀ ਲਾਸ਼ ਸੂਏ ਵਿੱਚੋਂ ਮਿਲੀ

ਮੋਗਾ, 17 ਜਨਵਰੀ (ਪੋਸਟ ਬਿਊਰੋ)- ਪਿਛਲੇ ਦਿਨੀਂ ਪਿੰਡ ਕੋਕਰੀ ਕਲਾਂ ਦੇ 22 ਸਾਲਾ ਨੌਜਵਾਨ ਫ਼ੋਟੋਗ੍ਰਾਫਰ ਦੇ ਲਾਪਤਾ ਹੋ ਜਾਣ ਉੱਤੇ ਪਿੰਡ ਵਾਸੀ ਉਸ ਦੀ ਲਗਾਤਾਰ ਭਾਲ ਕਰਦੇ ਰਹੇ। ਕੱਲ੍ਹ ਥਾਣਾ ਅਜੀਤਵਾਲ ਦੀ ਪੁਲਸ ਨੇ ਉਕਤ ਨੌਜਵਾਨ ਪਰਵਿੰ-ਦਰ ਸਿੰਘ ਦੀ ਲਾਸ਼ ਪਿੰਡ ਦੇ ਬਾਹਰ ਸੂਏ ਵਿੱਚੋਂ ਬਰਾਮਦ ਕੀਤੀ। ਪੁਲਸ ਨੇ ਮ੍ਰਿਤਕ ਲੜਕੇ ਦੀ ਮਾਤਾ ਦੇ ਬਿਆਨ ਉੱਤੇ ਦੋ ਜਣਿਆਂ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਕੇ ਇੱਕ ਜਣੇ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਥਾਣਾ ਅਜੀਤਵਾਲ ਦੇ ਮੁਖੀਦੇ ਮੁਤਾ-ਬਕ ਕਿਰਪਾਲ ਕੌਰ ਪਤਨੀ ਸੁਖਜਿੰਦਰ ਸਿੰਘ ਪਿੰਡ ਕੋਕਰੀ ਕਲਾਂ ਨੇ ਦੱਸਿਆ ਕਿ ਉਸਦਾ 22 ਸਾਲਾ ਲੜਕਾ ਪਲਵਿੰਦਰ ਸਿੰਘ ਫ਼ੋਟੋਗ੍ਰਾਫ਼ੀ ਦਾ ਕੰਮ ਕਰਦਾ ਹੈ ਅਤੇ 12 ਜਨਵਰੀ ਨੂੰ ਘਰ ਵਿੱਚ ਮੌਜੂਦ ਸੀ ਤਾਂ ਉਸ ਕੋਲ ਗੁਰਪ੍ਰੀਤ ਸਿੰਘ ਉਰਫ਼ ਪ੍ਰੀਤ ਬਾਬਾ ਅਤੇ ਲਾਲ ਸਿੰਘ ਉਰਫ਼ ਲਾਲੂ ਉਸਦੇ ਘਰ ਆਏ। ਉਹ ਪਲਵਿੰਦਰ ਨੂੰ ਪਿੰਡ ਕੋਕਰੀ ਕਲਾਂ ਵਿਖੇ ਦਰਗਾਹ ਉੱਤੇ ਫ਼ੋਟੋ ਖਿੱਚਣ ਦਾ ਕਹਿ ਕੇ ਆਪਣੇ ਮੋਟਰਸਾਈਕਲ ਉੱਤੇ ਬਿਠਾ ਕੇ ਲੈ ਗਏ। ਜਦੋਂ ਸ਼ਾਮ ਤਕ ਉਸਦਾ ਲੜਕਾ ਘਰ ਨਹੀਂ ਆਇਆ ਤਾਂ ਉਸ ਨੇ ਥਾਣਾ ਅਜੀਤਵਾਲ ਨੂੰ ਉਸ ਦੀ ਗੁਮਸ਼ੁਦਗੀ ਦੀ ਸੂਚਨਾ ਦਿੱਤੀ। ਪੁਲਸ ਨੂੰ 15 ਜਨਵਰੀ ਨੂੰ ਪਿੰਡ ਕੋਕਰੀ ਕਲਾਂ ਤੋਂ ਜਲਾਲਾਬਾਦ ਰੋਡ ਉੱਤੇ ਸੂਏ ਵਿੱਚੋਂ ਪਲਵਿੰਦਰ ਸਿੰਘ ਦੀ ਲਾਸ਼ ਮਿਲੀ। ਪੁਲਸ ਨੇ ਮ੍ਰਿਤਕ ਦੀ ਮਾਤਾ ਦੇ ਬਿਆਨ ਉੱਤੇ ਉਕਤ ਦੋਵਾਂ ਜਣਿਆਂ ਵਿਰੁੱਧ ਕੇਸ ਦਰਜ ਕਰ ਕੇ ਪ੍ਰੀਤ ਬਾਬਾ ਨੂੰ ਕਾਬੂ ਕਰ ਲਿਆ ਅਤੇ ਉਸ ਦਾ ਸਾਥੀ ਲਾਲ ਸਿੰਘ ਉਰਫ਼ ਲਾਲੂ ਫ਼ਰਾਰ ਹੋ ਗਿਆ, ਜਿਸ ਦੀ ਭਾਲ ਜਾਰੀ ਹੈ।

## ਅਜ਼ੀਮ ਪ੍ਰੇਮਜੀ ਦੇ ਖ਼ਿਲਾਫ਼ ਵਾਰ-ਵਾਰ ਕੇਸ ਦਰਜ ਕਰਨ ਦੇ ਕਾਰਨ ਦੋ ਜਣਿਆਂ ਨੂੰ ਜੇਲ੍ਹ



ਬੈਂਗਲੁਰੂ, 17 ਜਨਵਰੀ (ਪੋਸਟ ਬਿਊਰੋ)- ਕਰਨਾਟਕ ਹਾਈ ਕੋਰਟ ਨੇ ਇੰਡੀਆ ਅਵੇਕ ਫਾਰ ਟ੍ਰਾਂਸਪੇਰੈਂਸੀ ਲਿਮਟਿਡ ਦੇ ਦੋ ਨੁਮਾਇੰਦਿਆਂ ਨੂੰ ਆਈ ਟੀ ਦੀ ਪ੍ਰਮੁੱਖ ਕੰਪਨੀ ਵਿਪਰੋ ਲਿਮਟਿਡ ਅਤੇ ਇਸ ਦੇ ਮੋਢੀ ਅਤੇ ਚੇਅਰਮੈਨ ਅਜ਼ੀਮ ਪ੍ਰੇਮਜੀ ਦੇ ਖ਼ਿਲਾਫ਼ ਵਾਰ-ਵਾਰ ਕੇਸ ਦਰਜ ਕਰਨ ਲਈ ਦੋਸ਼ੀ ਠਹਿਰਾਇਆ ਹੈ।

ਵਿਪਰੋ ਦੇ ਚੇਅਰਮੈਨ ਅਜ਼ੀਮ ਪ੍ਰੇਮਜੀ, ਵਿਪਰੋ ਲਿਮਟਿਡ ਅਤੇ ਹਾਸ਼ਮ ਇਨਵੈਸਟਮੈਂਟ ਐਂਡ ਟ੍ਰੇਡਿੰਗ ਕੰਪਨੀ ਲਿਮਟਿਡ ਨੇ ਚੇਨਈ ਦੀ ਸ਼ੈਲ ਕੰਪਨੀ ਅਤੇ ਉਸ ਦੇ ਨੁਮਾਇੰਦਿਆਂ ਖ਼ਿਲਾਫ਼ ਅਪਰਾਧਿਕ ਮਾਣਹਾਨੀ ਕਾਰਵਾਈ ਦੀ ਮੰਗ ਕਰਦੇ ਹੋਏ ਪਟੀਸ਼ਨ ਦਾਇਰ ਕੀਤੀ ਸੀ। ਕੋਰਟ ਨੇ ਮਾਣਹਾਨੀ ਕਾਨੂੰਨ ਹੇਠ ਆਰ ਸੁਬਰਾਮਣੀਅਮ ਅਤੇ ਪੀ ਸਦਾਨੰਦ ਨੂੰ ਦੋਸ਼ੀ ਠਹਿਰਾਇਆ ਹੈ। ਸੁਬਰਾਮਣੀਅਮ ਵਕੀਲ ਦੇ ਰੂਪ ਵਿੱਚ ਪੇਸ਼ ਹੋਏ ਸਦਾਨੰਦ ਨੇ ਇੱਕ ਸਵੈ ਸੇਵਕ ਹੋਣ ਦਾ ਦਾਅਵਾ ਕੀਤਾ। ਅਦਾਲਤ ਨੇ ਦੋਵਾਂ ਨੂੰ 2-2 ਮਹੀਨੇ ਦੀ ਸਾਧਾਰਨ ਕੈਦ ਅਤੇ 2-2 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਪਟੀਸ਼ਨਰਾਂ ਨੇ ਦਾਅਵਾ ਕੀਤਾ ਕਿ ਤਿੰਨ ਕੰਪਨੀਆਂ ਦੀ ਵੱਡੀ ਜਾਇਦਾਦ ਪ੍ਰੇਮਜੀ ਜੋੜੇ ਨੇ ਇੱਕ ਨਿੱਜੀ ਟਰੱਸਟ ਨੂੰ ਤੋਹਫ਼ੇ ਰਾਹੀਂ ਬੰਦ ਕਰਨ ਤੋਂ ਬਾਅਦ ਕੰਟਰੋਲ ਨੂੰ ਡਾਇਵਰਟ ਕੀਤਾ ਸੀ। ਅਦਾਲਤ ਨੇ ਕਿਹਾ ਕਿ ਪਟੀਸ਼ਨਰਾਂ ਨੇ ਕੰਪਨੀ ਦੇ ਨਾਂ ਉੱਤੇ ਵਾਰ-ਵਾਰ ਕੇਸ ਦਾਇਰ ਕੀਤੇ, ਜੋ ਹੋਂਦ ਵਿੱਚ ਨਹੀਂ ਹਨ। ਉਨ੍ਹਾਂ ਇੰਡੀਆ ਅਵੇਕ ਫਾਰ ਟ੍ਰਾਂਸਪੇਰੈਂਸੀ ਨਾਂ ਦਿੱਤਾ ਤੇ ਪ੍ਰਾਈਵੇਟ ਲਿਮਟਿਡ ਸ਼ਬਦਾਂ ਨੂੰ ਲੁਕਾ ਕੇ ਪੂਰਾ ਨਾਂ ਨਹੀਂ ਦਿੱਤਾ। ਅਦਾਲਤ ਨੇ ਕਿਹਾ ਕਿ ਇਹ ਤੱਥ ਲੁਕਾਉਣ ਤੇ ਅਦਾਲਤ ਨੂੰ ਗੁਮਰਾਹ ਕਰਨ ਲਈ ਰੂਪ ਬਦਲਣ ਦਾ ਬੇਸ਼ਰਮ ਯਤਨ ਹੈ। ਅਦਾਲਤ ਨੇ ਰਜਿਸਟਰਾਰ ਨੂੰ ਦੋਵਾਂ ਦੀ ਗ੍ਰਿਫ਼ਤਾਰੀ ਲਈ ਵਾਰੰਟ ਤਿਆਰ ਕਰਨ ਦਾ ਨਿਰਦੇਸ਼ ਦਿੱਤਾ। ਅਦਾਲਤ ਨੇ ਅੱਗੇ ਉਨ੍ਹਾਂ ਨੂੰ ਸ਼ਿਕਾਇਤ ਕਰਤਾ ਅਤੇ ਉਨ੍ਹਾਂ ਦੇ ਗਰੁੱਪ ਖ਼ਿਲਾਫ਼ ਕਿਸੇ ਵੀ ਅਦਾਲਤ, ਟ੍ਰਿਬਿਊਨਲ ਅਤੇ ਮੰਚਾਂ ਸਮੇਤ ਕਿਸੇ ਵੀ ਅਥਾਰਿਟੀ ਦੇ ਸਾਹਮਣੇ ਕੋਈ ਕਾਨੂੰਨੀ ਕਾਰਵਾਈ ਦਰਜ ਕਰਨ ਤੋਂ ਰੋਕਣ ਦੇ ਹੁਕਮ ਦਿੱਤੇ ਹਨ।

# ਪਟਨਾ ਤੋਂ ਮੋਹਾਲੀ ਆ ਰਹੇ ਸਿੱਖਾਂ ਉਤੇ ਮੰਦਰ ਲਈ ਚੰਦਾ ਮੰਗਦੇ ਲੋਕਾਂ ਵੱਲੋਂ ਹਮਲਾ, ਛੇ ਜ਼ਖਮੀ

ਆਰਾ, 17 ਜਨਵਰੀ (ਪੋਸਟ ਬਿਊਰੋ)- ਬਿਹਾਰ ਦੇ ਭੋਜਪੁਰ ਜ਼ਿਲ੍ਹੇ ਦੇ ਆਰਾ-ਸਾਸਾਰਾਮ ਸਟੇਟ ਹਾਈਵੇ ਉੱਤੇ ਧਿਆਨੀ ਟੋਲਾ ਪਿੰਡ ਨੇੜੇ ਕੱਲ੍ਹ ਦੁਪਹਿਰੇ ਚੰਦਾ ਉਗਰਾਹੁਣ ਵਾਲਿਆਂ ਨੇ ਮੋਹਾਲੀ ਆ ਰਹੇ ਸਿੱਖ ਸ਼ਰਧਾਲੂਆਂ ਉੱਤੇ ਇੱਟਾਂ-ਪੱਥਰਾਂ ਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ। ਇਸ ਵਿੱਚ ਅੱਧਾ ਦਰਜਨ ਸ਼ਰਧਾਲੂ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਇੱਕ ਟਰੱਕ ਵਿੱਚ ਵੀਹ ਔਰਤਾਂ ਤੇ ਚਾਲੀ ਮਰਦ ਸ਼ਰਧਾਲੂਆਂ ਦਾ ਜੱਥਾ ਪਟਨਾ ਵਿੱਚ ਪ੍ਰਕਾਸ਼ ਪੁਰਬ ਵਿੱਚ ਸ਼ਾਮਲ ਹੋਣ ਪਿੱਛੋਂ ਮੋਹਾਲੀ ਮੁੜ ਰਿਹਾ ਸੀ। ਪਿੰਡ ਦੇ ਨੇੜੇ ਕੁਝ ਲੋਕ ਵਾਹਨਾਂ ਨੂੰ ਰੋਕ ਕੇ ਯੱਗ ਲਈ ਚੰਦਾ ਵਸੂਲ ਰਹੇ ਸਨ। ਟਰੱਕ ਡਰਾਈਵਰ ਨਾਲ ਝਗੜੇ ਦੇ ਬਾਅਦ ਉਨ੍ਹਾਂ ਲੋਕਾਂ ਨੇ ਹਮਲਾ ਕਰ ਦਿੱਤਾ। ਪੁਲਸ ਦੇ ਪੁੱਜਣ ਤੋਂ ਪਹਿਲਾਂ ਸ਼ਰਾਰਤੀ ਅਨਸਰ ਫਰਾਰ ਹੋ ਗਏ। ਜ਼ਖਮੀਆਂ ਦਾ ਇਲਾਜ ਚਰਪੋਖਰੀ ਮੁੱਢਲੇ ਸਿਹਤ ਕੇਂਦਰ (ਪੀ ਐਚ ਸੀ) ਵਿੱਚ ਚੱਲ ਰਿਹਾ ਹੈ। ਇਸ ਹਮਲੇ ਵਿੱਚ ਮਨਪ੍ਰੀਤ ਸਿੰਘ, ਬਰਿੰਦਰ ਸਿੰਘ, ਹਰਪ੍ਰੀਤ ਸਿੰਘ, ਬਲਬੀਰ ਸਿੰਘ, ਜਸਬੀਰ ਸਿੰਘ, ਹਰਪ੍ਰੀਤ ਅਤੇ ਚਾਲਕ ਤਜਿੰਦਰ ਸਿੰਘ ਨੂੰ ਸੱਟਾਂ ਲੱਗੀਆਂ ਹਨ। ਸਾਰੇ ਜ਼ਖਮੀ ਮੋਹਾਲੀ, ਫਤਿਹਗੜ੍ਹ ਸਾਹਿਬ ਅਤੇ ਚੰਡੀਗੜ੍ਹ ਦੇ ਵਸਨੀਕ ਹਨ। ਭੋਜਪੁਰ ਦੇ ਐਸ ਪੀ ਨੇ ਦੱਸਿਆ ਕਿ ਯੱਗ ਪੂਜਾ ਕਮੇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਸਮੇਤ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਸਾਰੇ ਧਿਆਨੀ ਟੋਲਾ, ਗੜਹਨੀ ਦੇ ਵਸਨੀਕ ਹਨ। ਐਸ ਪੀ ਨੇ ਦੱਸਿਆ ਕਿ ਚੰਦੇ ਬਾਰੇ ਝਗੜਾ ਹੋਇਆ ਸੀ। ਸਾਰੇ ਸ਼ਰਧਾਲੂਆਂ ਨੂੰ ਪੁਲਸ ਐਸਕਾਰਟ ਦੇ ਨਾਲ ਮੋਹਾਲੀ ਭੇਜਿਆ ਗਿਆ ਹੈ।



ਹਮਲੇ ਵਿਚ ਜਖਮੀਂ ਪੀੜਿਤ ਸਿੱਖ ਸ਼ਰਧਾਲੂ।



ਥਾਣੇ ਵਿਚ ਸ਼ਿਕਾਇਸ ਦਰਜ ਕਰਵਾਉਣ ਸਮੇਂ ਸਿੱਖ ਜੱਥਾ।

# ਟੈਕਸਾਸ ਵਿੱਚ ਯਹੂਦੀ ਪੂਜਾ ਸਥਾਨ ਉੱਤੇ ਬੰਦੀ ਬਣਾਏ ਲੋਕ ਛੁਡਾਏ



ਕੋਲੀਵਿਲੇ, 17 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਟੈਕਸਾਸ ਵਿੱਚ ਇੱਕ ਯਹੂਦੀ ਪੂਜਾ ਸਥਾਨ ਉੱਤੇ ਬੰਦੀ ਬਣਾਏ ਲੋਕਾਂ ਨੂੰ ਰਾਤ ਕਰੀਬ 12 ਘੰਟਿਆਂ ਬਾਅਦ ਛੁਡਾ ਲਿਆ ਗਿਆ।

ਗਵਰਨਰ ਗ੍ਰੇਗ ਐਬੋਟ ਨੇ ਇਸ ਬਾਰੇਟਵੀਟ ਕੀਤਾ ਕਿ ਪ੍ਰਾਰਥਨਾ ਸੁਣੀ ਗਈ ਅਤੇ ਸਾਰੇ ਬੰਦੀ ਜ਼ਿੰਦਾ ਅਤੇ ਸੁਰੱਖਿਅਤ ਹਨ। ਐਬੋਟ ਦੇ ਟਵੀਟ ਤੋਂ ਪਹਿਲਾਂ ਪ੍ਰਾਰਥਨਾ ਹਾਲ ਵਿੱਚ ਗੋਲੀਆਂ ਚੱਲੀਆਂ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਲੋਕਾਂ ਨੂੰ ਬੰਦੀ ਬਣਾ ਲਿਆ ਸੀ ਅਤੇ ਅਫ਼ਗਾਨਿਸਤਾਨ ਵਿੱਚ ਅਮਰੀਕੀ ਫ਼ੌਜੀ ਅਧਿਕਾਰੀਆਂ ਦੇ ਕਤਲ ਦੀ ਕੋਸ਼ਿਸ਼ ਦੇ ਦੋਸ਼ੀ ਪਾਕਿਸਤਾਨੀ ਨਿਊਰੋਸਾਇੰਟਿਸਟ ਦੀ ਰਿਹਾਈ ਦੀ ਮੰਗ ਕਰ ਰਿਹਾ ਸੀ।ਬਚਾਅ ਮੁਹਿੰਮ ਦੇ ਵੇਰਵੇ ਅਜੇ ਜਾਰੀ ਨਹੀਂ ਕੀਤੇ ਗਏ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਸ਼ੱਕੀ ਅੱਤਵਾਦੀ ਜ਼ਿੰਦਾ ਹੈ ਜਾਂ ਮਾਰਿਆ ਗਿਆ। ਦੋ ਸੁਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਸ਼ੁਰੂ ਵਿੱਚ ਜਾਪਦਾ ਸੀ ਕਿ ਘੱਟੋ-ਘੱਟ ਚਾਰ ਬੰਦੀ ਪੂਜਾ ਸਥਾਨ ਉੱਤੇ ਸਨ। ਉਨ੍ਹਾਂ ਵਿੱਚ ਪੂਜਾ ਸਥਾਨ ਦੇ ਰੱਬੀ (ਯਹੂਦੀ ਧਾਰਮਕ ਆਗੂ) ਵੀ ਸਨ। ਇੱਕ ਅਧਿਕਾਰੀ ਨੇ ਕਿਹਾ ਕਿ ਦੋਸ਼ੀ ਨੇ ਹਥਿਆਰ ਰੱਖਣ ਦਾ ਦਾਅਵਾ ਕੀਤਾ, ਪਰ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ।

ਅਧਿਕਾਰੀ ਅਜੇ ਵੀ ਹਮਲੇ ਦੇ ਕਾਰਨਾਂ ਦਾ ਪਤਾ ਲੱਗਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਬੰਧਕ ਬਣਾਉਣ ਵਾਲੇ ਨੇ ਘਟਨਾ ਦਾ 'ਲਾਈਵ ਸਟ੍ਰੀਮ' ਵੀ ਕੀਤਾ ਹੈ, ਜਿਸ ਵਿੱਚ ਉਸ ਵਿਅਕਤੀ ਨੂੰ ਅਲਕਾਇਦਾ ਨਾਲ ਸੰਬੰਧ ਦੇ ਸ਼ੱਕ ਵਿੱਚ ਫੜੀ ਹੋਈ ਪਾਕਿਸਤਾਨੀ ਵਿਗਿਆਨੀ ਆਫ਼ੀਆ ਸਿਦੀਕੀਦੀ ਰਿਹਾਈ ਦੀ ਮੰਗ ਕਰਦੇ ਸੁਣਿਆ ਗਿਆ ਹੈ। ਅਧਿਕਾਰੀਆਂ ਮੁਤਾਬਕ ਦੋਸ਼ੀ ਨੇ ਇਹ ਵੀ ਕਿਹਾ ਕਿ ਉਹ ਆਫ਼ੀਆ ਸਿਦੀਕੀ ਨਾਲ ਗੱਲ ਕਰਨਾ ਚਾਹੁੰਦਾ ਸੀ। ਆਫ਼ੀਆ ਸਿੱਦੀਕੀ ਟੈਕਸਾਸ ਦੀ ਫੈਡਰਲ ਜੇਲ ਵਿੱਚ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਨਿਊਯਾਰਕ ਸਿਟੀ ਦੇ ਇੱਕ ਰੱਬੀ ਨੇ ਘਟਨਾ ਦੀ ਰਿਪੋਰਟ ਕਰਨ ਲਈ ਪੁਲਸ ਨੂੰ ਬੁਲਾਇਆ। ਐਫ਼ ਬੀ ਆਈ ਡੱਲਾਸ ਦੀ ਬੁਲਾਰਾ ਕੇਟੀ ਚੌਮੋਂਟ ਨੇ ਕਿਹਾ ਕਿ ਪੁਲਸ ਸਭ ਤੋਂ ਪਹਿਲਾਂ ਸਵੇਰੇ 11 ਵਜੇ ਦੇ ਕਰੀਬ ਪੂਜਾ ਸਥਾਨ ਉੱਤੇ ਪਹੁੰਚੀ ਅਤੇ ਇਸ ਤੋਂ ਬਾਅਦ ਨੇੜਲੇ ਇਲਾਕਿਆਂ ਤੋਂ ਲੋਕਾਂ ਨੂੰ ਬਾਹਰ ਕੱਢ ਲਿਆ ਗਿਆ। ਚੌਮੋਂਟ ਨੇ ਕਿਹਾ ਕਿ ਕਿਸੇ ਦੇ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ।

## ਬੰਗਾਲ ਦੀ ਝਾਕੀ ਨੂੰ 26 ਜਨਵਰੀ ਦੀ ਪਰੇਡ ਤੋਂ ਹਟਾਉਣ ਉਤੇ ਮਮਤਾ ਵੱਲੋਂ ਮੋਦੀ ਨੂੰ ਪੱਤਰ



ਕੋਲਕਾਤਾ, 17 ਜਨਵਰੀ (ਪੋਸਟ ਬਿਊਰੋ)- ਦਿੱਲੀ ਵਿੱਚ ਇਸ ਵਾਰ ਗਣਤੰਤਰ ਦਿਵਸ ਪਰੇਡ ਤੋਂ ਆਜ਼ਾਦੀ ਘੁਲਾਟੀਆਂ ਦੇ ਯੋਗਦਾਨ ਬਾਰੇ ਪੱਛਮੀ ਬੰਗਾਲ ਦੀ ਝਾਕੀ ਨੂੰ ਬਾਹਰ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਉੱਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਹੈਰਾਨੀ ਪ੍ਰਗਟਾਈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਇਸ ਫੈਸਲੇ ਉੱਤੇ ਮੁੜ ਵਿਚਾਰ ਕਰਨ ਦੀ ਬੇਨਤੀ ਕੀਤੀ ਹੈ, ਕਿਉਂਕਿ ਸੂਬੇ ਦੇ ਲੋਕਾਂ ਨੂੰ ਇਸ ਕਦਮ ਨਾਲ ਦੁੱਖ ਹੋਵੇਗਾ।

ਬੈਨਰਜੀ ਨੇ ਇਹ ਵੀ ਕਿਹਾ ਕਿ ਝਾਕੀ ਰੱਦ ਕਰਨ ਦਾ ਕੋਈ ਕਾਰਨ ਵੀ ਨਹੀਂ ਦੱਸਿਆ ਗਿਆ। ਉਸ ਨੇ ਮੋਦੀ ਨੂੰ ਲਿਖੇ ਦੋ ਸਫਿਆਂ ਦੇ ਪੱਤਰ ਵਿੱਚ ਕਿਹਾ ਹੈ ਕਿ 'ਮੈਂ ਭਾਰਤ ਸਰਕਾਰ ਦੇ ਅਗਲੇ ਗਣਤੰਤਰ ਦਿਵਸ ਦੀ ਪਰੇਡ ਤੋਂ ਪੱਛਮੀ ਬੰਗਾਲ ਸਰਕਾਰ ਦੀ ਝਾਕੀ ਨੂੰ ਅਚਾਨਕ ਬਾਹਰ ਕਰਨ ਦੇ ਫੈਸਲ ਤੋਂ ਹੈਰਾਨ ਤੇ ਦੁਖੀ ਹਾਂ। ਇਹ ਸਾਡੇ ਲਈ ਹੋਰ ਹੈਰਾਨ ਕਰਨ ਵਾਲੀ ਗੱਲ ਹੈ ਕਿ ਝਾਕੀ ਨੂੰ ਬਿਨਾਂ ਕੋਈ ਠੋਸ ਕਾਰਨ ਦੱਸੇ ਰੱਦ ਕਰ ਦਿੱਤਾ ਗਿਆ ਹੈ।' ਮਮਤਾ ਬੈਨਰਜੀ ਨੇ ਪੱਤਰ ਵਿੱਚ ਕਿਹਾ, "ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਪੱਛਮੀ ਬੰਗਾਲ ਦੇ ਲੋਕ ਕੇਂਦਰ ਸਰਕਾਰ ਦੇ ਇਸ ਰਵੱਈਏ ਤੋਂ ਬਹੁਤ ਦੁਖੀ ਹਨ। ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਇੱਥੋਂ ਦੇ ਬਹਾਦਰ ਆਜ਼ਾਦੀ ਘੁਲਾਟੀਆਂ ਦੇ ਯੋਗਦਾਨ ਨੂੰ ਆਜ਼ਾਦੀ ਦੇ 75ਵੇਂ ਸਾਲ ਵਿੱਚ ਗਣਤੰਤਰ ਦਿਵਸ ਸਮਾਰੋਹ ਵਿੱਚ ਇਸ ਮੌਕੇ ਨੂੰ ਮਨਾਉਣ ਦੇ ਲਈ ਕੋਈ ਜਗ੍ਹਾ ਨਹੀਂ ਮਿਲੀ ਹੈ।" ਬੈਨਰਜੀ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿੱਚ ਕਿਹਾ, "ਮੈਂ ਤੁਹਾਨੂੰ ਇਸ ਫੈਸਲੇ ਉੱਤੇ ਮੁੜ ਵਿਚਾਰ ਕਰਨ ਅਤੇ ਆਜ਼ਾਦੀ ਦੇ 75ਵੇਂ ਸਾਲਮੌਕੇ ਗਣਤੰਤਰ ਦਿਵਸ ਪਰੇਡ ਵਿੱਚ ਪੱਛਮੀ ਬੰਗਾਲ ਦੇ ਆਜ਼ਾਦੀ ਘੁਲਾਟੀਆਂ ਦੀ ਝਾਕੀ ਸ਼ਾਮਲ ਕਰਾਉਣ ਦੀ ਬੇਨਤੀ ਕਰਦੀ ਹਾਂ।"ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਇਹ ਝਾਕ ਨੇਤਾਜੀ ਸੁਭਾਸ਼ ਚੰਦਰ ਬੋਸ ਦੀ 125ਵੀਂ ਜਯੰਤੀ ਉੱਤੇ ਉਨ੍ਹਾਂ ਅਤੇ ਆਜ਼ਾਦ ਹਿੰਦ ਫੌਜ ਦੇ ਯੋਗਦਾਨ ਦੀ ਯਾਦ ਵਿੱਚ ਬਣਾਈ ਗਈ ਸੀ।

ਓਧਰ ਕਾਂਗਰਸ ਨੇ ਵੀ ਝਾਕੀ ਹਟਾਏ ਜਾਣ ਉੱਤੇ ਹੈਰਾਨੀ ਪ੍ਰਗਟਾਈ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਧੀਰ ਰੰਜਨ ਚੌਧਰੀ ਨੇ ਵੀ ਇਸ ਮੁੱਦੇ ਉੱਤੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ।

## ਤਾਲਿਬਾਨ ਨੇ ਸੰਗੀਤਕਾਰ ਦੇ ਸਾਹਮਣੇ ਉਸ ਦਾ ਹਰਮੋਨੀਅਮ ਸਾੜਿਆ

ਕਾਬੁਲ, 17 ਜਨਵਰੀ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੇ ਪਕਤੀਆਂ ਰਾਜ ਵਿੱਚ ਤਾਲਿਬਾਨ ਨੇ ਇੱਕ ਸੰਗੀਤਕਾਰ ਦੇ ਅੱਖਾਂ ਸਾਹਮਣੇ ਹਰਮੋਨੀਅਮ ਨੂੰ ਅੱਗ ਲਾ ਦਿੱਤੀ। ਇਸ ਦਾ ਇੱਕ ਵੀਡੀਓ ਲੋਕਾਂ ਦੇ ਸਾਹਮਣੇ ਆਇਆ ਹੈ, ਜਿਸ ਵਿੱਚ ਸੰਗੀਤਕਾਰ ਆਪਣੇ ਸੰਗੀਤਕ ਮਿਊਜ਼ੀਕਲ ਇੰਸਟਰੂਮੈਂਟ ਨੂੰ ਸੜਦੇ ਦੇਖ ਕੇ ਰੋਂਦਾ ਨਜ਼ਰ ਆ ਰਿਹਾ ਹੈ। ਇਸ ਸੰਬੰਧ ਵਿੱਚ ਅਫ਼ਗਾਨਿਸਤਾਨ ਦੇ ਇੱਕ ਸੀਨੀਅਰ ਪੱਤਰਕਾਰ ਅਬਦੁੱਲਹਾ ਓਮੇਰੀ ਵੱਲੋਂ ਪੋਸਟ ਕੀਤੀ ਗਈ ਵੀਡੀਓ ਵਿੱਚ ਇੱਕ ਬੰਦੂਕ ਵਾਲਾ ਇੱਕ ਵਿਅਕਤੀ ਸੰਗੀਤਕਾਰ ਉੱਤੇ ਹੱਸਦਾ ਦਿਖਾਇਆ ਗਿਆ ਹੈ ਜਦੋਂ ਕਿ ਇਕ ਹੋਰ ਉਸ ਦੀ 'ਤਰਸਯੋਗ ਹਾਲਤ' ਦੀ ਵੀਡੀਓ ਬਣਾ ਰਿਹਾ ਹੈ। ਓਮਰੀ ਨੇ ਟਵੀਟ ਵਿੱਚ ਕਿਹਾ, ਸੰਗੀਤਕਾਰ ਦੇ ਹਰਮੋਨੀਅਮ ਨੂੰ ਸਾੜਦੇ ਸਮੇਂ ਤਾਲਿਬਾਨੀ, ਜਿਸ ਉੱਤੇ ਸੰਗੀਤਕਾਰ ਰੋ ਰਿਹਾ ਹੈ। ਇਹ ਘਟਨਾ ਪਕਤੀਆ ਸੂਬੇ ਦੇ ਜਜ਼ਈ ਅਰਬ ਜ਼ਿਲ੍ਹੇ ਵਿੱਚ ਵਾਪਰੀ ਹੈ। ਜ਼ਿਕਰਯੋਗ ਹੈ ਕਿ ਅਫ਼ਗਾਨਿਸਤਾਨ ਤੇ ਕਬਜ਼ੇ ਦੇ ਬਾਅਦ ਅੱਜ ਤਕ ਤਾਲਿਬਾਨ ਕਈ ਚੀਜ਼ਾ ਉਤੇ ਰੋਕ ਲਾ ਚੁੱਕਾ ਹੈ।

# ਰਿਟਾਇਰਡ ਐਨ ਆਰ ਆਈ ਅਤੇ ਸਲਮਾਨ ਖਾਨ ਦਾ ਵਿਵਾਦ ਹੋਰ ਵੀ ਵਧ ਗਿਆ



ਮੁੰਬਈ, 17 ਜਨਵਰੀ (ਪੋਸਟ ਬਿਊਰੋ)- ਰਾਏਗੜ੍ਹ ਵਿੱਚ ਇੱਕ ਜ਼ਮੀਨੀ ਟੁਕੜੇ ਬਾਰੇ ਅਮਰੀਕਾ ਦੇ ਇੱਕ ਰਿਟਾਇਰਡ ਐਨ ਆਰ ਆਈ ਕੇਤਨ ਕੱਕੜ ਤੇ ਉਸ ਦੇ ਗੁਆਂਢੀ ਬਾਲੀਵੁੱਡ ਮੈਗਾਸਟਾਰ ਸਲਮਾਨ ਖਾਨ ਦਾ ਵਿਵਾਦ ਛਿੜ ਗਿਆ ਹੈ। ਕੱਕੜ ਵੱਲੋਂ ਸੋਸ਼ਲ ਮੀਡੀਆ ਪੋਸਟ ਉੱਤੇ ਤਿੱਖੀ ਆਲੋਚਨਾ ਕੀਤੇ ਜਾਣ ਉੱਤੇ ਅਭਿਨੇਤਾ ਸਲਮਾਨ ਖਾਨ ਨੇ ਗੂਗਲ, ਯੂ-ਟਿਊਬ, ਫੇਸਬੁੱਕ, ਟਵਿੱਟਰ ਅਤੇ ਹੋਰ ਸੋਸ਼ਲ ਪਲੇਟਫਾਰਮ ਸਮੱਗਰੀ ਨਿਰਮਾਤਾਵਾਂ ਦੇ ਇਲਾਵਾ ਆਪਣੇ ਗੁਆਂਢੀ ਖਿਲਾਫ ਨਾਗਰਿਕ ਮਾਣਹਾਨੀ ਦਾ ਮੁਕੱਦਮਾ ਦਾਇਰ ਕਰ ਦਿੱਤਾ ਹੈ।

ਇਹ ਮਾਮਲਾ 9ਵੇਂ ਦਹਾਕੇ ਦੇ ਕਰੀਬਅੱਧ ਦਾ ਹੈ, ਜਦੋਂ ਯੁਵਾ ਐਨ ਆਰ ਆਈ ਕੱਕੜ ਨੇ ਰਿਟਾਇਰਮੈਂਟ ਪਿੱਛੋਂ ਆਪਣਾ ਘਰ ਬਣਾਉਣ ਲਈ ਰਾਏਗੜ੍ਹ ਵਿਚ ਇੱਕ ਛੋਟਾ ਜਿਹਾ ਪਲਾਟ ਖਰੀਦਣ ਦੀ ਯੋਜਨਾ ਬਣਾਈਸੀ ਅਤੇ ਵਿਕਰੇਤਾ ਕੰਪਨੀ ਨੇ ਉਨ੍ਹਾਂ ਨੂੰ ਬਾਲੀਵੁੱਡ ਦੇ ਮਹਾਨ ਲੇਖਕ ਸਲੀਮ ਖਾਨ ਨਾਲ ਮਿਲਾਇਆ ਸੀ। ਖਾਨ ਨੇ ਕੱਕੜ ਨੂੰ ਭਰੋਸਾ ਦਿੱਤਾ ਕਿ ਇਲਾਕਾ ਵਧੀਆ ਹੈ ਤੇ ਉਹ ਉਨ੍ਹਾਂ ਨੂੰ ਆਪਣੇ ਗੁਆਂਢੀ ਬਣਾਉਣਾ ਪਸੰਦ ਕਰਨਗੇ। ਇਸ ਭਰੋਸੇ ਵਿੱਚ ਕੱਕੜ ਨੇ 1996 ਵਿੱਚ 2.50 ਏਕੜ ਜ਼ਮੀਨ ਖਰੀਦੀ ਅਤੇ ਫਿਰ ਉਸ ਉੱਤੇ ਛੋਟਾ ਜਿਹਾ ਵਾਤਾਵਰਣ ਅਨੁਸਾਰ ਭਗਵਾਨ ਗਣੇਸ਼ ਦਾ ਮੰਦਰ ਬਣਵਾਇਆ ਅਤੇ ਕਈ ਸਾਲਾਂ ਬਾਅਦ ਵਾਤਾਵਰਣ ਅਨੁਸਾਰ 120 ਵਰਗ ਫੁੱਟ ਦੇ ਘਰ ਨੂੰ ਕਦੇ-ਕਦੇ ਉਥੇ ਜਾਣ ਲਈ ਬਣਵਾਇਆ। ਦੋ ਦਹਾਕਿਆਂ ਤੋਂ ਵੱਧ ਸਮੇਂ ਤਕ ਦੋਵਾਂ ਗੁਆਂਢੀਆਂ ਵਿੱਚ ਸਭ ਠੀਕ ਰਿਹਾ ਅਤੇ ਜਦ ਵੀ ਕੱਕੜ ਆਪਣੀ ਛੋਟੀ ਜਿਹੀ ਜਾਇਦਾਦ ਦਾ ਦੌਰਾ ਕਰਦੇ ਤਾਂ ਅਰਪਿਤਾ ਫਾਰਮ ਵਿੱਚ ਖਾਨ ਕਬੀਲਾ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕਰਦਾ ਸੀ। ਇਸ ਦੇ ਬਾਅਦ ਸੰਬੰਧ ਖਰਾਬ ਹੋ ਗਏ ਸਨ।

## ਆਸਟਰੇਲੀਆ ਨੇ ਅਸਥਾਈ ਵੀਜ਼ਾ ਹੋਲਡਰਾਂ ਲਈ ਬੂਹੇ ਬੰਦ ਕੀਤੇ



ਬ੍ਰਿਸਬੇਨ, 17 ਜਨਵਰੀ (ਪੋਸਟ ਬਿਊਰੋ)- ਆਸਟਰੇਲੀਆ ਦੀ ਫੈਡਰਲ ਸਰਕਾਰ ਨੇ 2021-22 ਦੇ ਬਜਟ ਵਿੱਚ ਦੇਸ਼ ਦੇ ਆਰਥਿਕ ਵਿਕਾਸ ਦੇ ਮੁੜ ਸਥਾਪਨ ਨੂੰ ਕਾਇਮ ਰੱਖਦਿਆਂ ਆਪਣੇ ਐਲਾਨਾਂ ਵਿੱਚ ਜਿੱਥੇ ਨੌਕਰੀਆਂ ਦਾ ਸਮਰਥਨ, ਨਵੀਂ ਪੀੜ੍ਹੀ ਲਈ ਡਿਜੀਟਲ ਹੁਨਰ, ਚੰਗੀਆਂ ਸਿਹਤ ਸੇਵਾਵਾਂ, ਸੁਰੱਖਿਆ ਬਜਟ ਵਿੱਚ ਵਾਧਾ ਅਤੇ ਔਰਤਾਂ ਲਈ ਵਿਸ਼ੇਸ਼ ਅਧਿਕਾਰ ਤੇ ਸੇਵਾਵਾਂ ਦੀ ਗਾਰੰਟੀ ਦਿੱਤੀ ਹੈ, ਉਥੇ ਅਸਥਾਈ ਵੀਜ਼ਾ ਹੋਲਡਰਾਂ ਤੇ ਕੌਮਾਂਤਰੀ ਪਾੜ੍ਹਿਆਂ ਦੇ ਭਵਿੱਖ ਬਾਰੇ ਬੇਯਕੀਨੀ ਹੈ ਕਿਉਂਕਿ ਆਸਟਰੇਲੀਆ ਦੀਆਂ ਕੌਮਾਂਤਰੀ ਸਰਹੱਦਾਂ 2022 ਦੇ ਅੱਧ ਤੱਕ ਬੰਦ ਰਹਿਣਗੀਆਂ।

ਮਾਹਰਾਂ ਅਨੁਸਾਰ ਆਸਟਰੇਲੀਆ ਕੌਮਾਂਤਰੀ ਵਿਦਿਆਰਥੀਆਂ ਦੀ ਛੋਟੇ-ਪੜਾਅ ਦੀ ਵਾਪਸੀ ਲਈ ਇਜਾਜ਼ਤ ਦੇ ਸਕਦਾ ਹੈ। ਕੌਮਾਂਤਰੀ ਸਰਹੱਦਾਂ ਦੇ ਮੁੱਦੇ ਉਤੇ ਸਰਕਾਰ ਦੇ ਰੁਖ ਨੂੰ ਸਪੱਸ਼ਟ ਕਰਦਿਆਂ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਕਿਹਾ ਕਿ ਇਹ ਫੈਸਲਾ ਇੱਕ ਧਾਰਨਾ ਹੈ, ਪੱਕੀ ਨੀਤੀ ਨਹੀਂ ਹੈ। ਉਹ ਅਜਿਹੇ ਸਮੇਂ ਆਸਟਰੇਲਿਆਈ ਲੋਕਾਂ ਦੀ ਸਿਹਤ ਤੇ ਸੁਰੱਖਿਆ ਖਤਰੇ ਵਿੱਚ ਪਾਉਣ ਲਈ ਤਿਆਰ ਨਹੀਂ, ਜਦੋਂ ਵਿਸ਼ਵ ਦੇ ਕਈ ਹਿੱਸਿਆਂ ਵਿੱਚ ਕੋਰੋਨਾ ਮਹਾਮਾਰੀ ਫੈਲ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਦੇ ਆਰਥਿਕ ਸੁਧਾਰ ਨੂੰ ਹੁਲਾਰਾ ਦੇਣ ਲਈ ਸਰਹੱਦਾਂ ਨੂੰ ਹੌਲੀ-ਹੌਲੀ ਮੁੜ ਖੋਲ੍ਹਣ ਵੱਲ ਕਦਮ ਚੁੱਕਣ ਦੀ ਇਛੁੱਕ ਹੈ, ਪਰ ਉਦੋਂ ਹੀ ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ। ਓਧਰ, ਵਿਰੋਧੀ ਪਾਰਟੀਆਂ ਅਤੇ ਭਾਰਤੀ ਭਾਈਚਾਰੇ ਦੇ ਆਗੂਆਂ ਨੇ ਇਸ ਫੈਸਲੇ ਉਤੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਸਰਹੱਦਾਂ ਨੂੰ ਮੁੜ ਖੋਲ੍ਹੇ ਜਾਣ ਦੀ ਉਡੀਕ ਵਿੱਚ ਬਹੁਤ ਸਾਰਾ ਸਮਾਂ ਬਰਬਾਦ ਹੋ ਗਿਆ ਹੈ। ਪਰਵਾਰਾਂ ਦਾ ਸਮੇਂ ਸਿਰ ਇਕੱਠੇ ਨਾ ਹੋਣਾ ਮਨੁੱਖਤਾ ਲਈ ਤ੍ਰਾਸਦੀ ਬਣਦਾ ਜਾ ਰਿਹਾ ਹੈ।

## ਪ੍ਰਿੰਸ ਹੈਰੀ ਵੱਲੋਂ ਬ੍ਰਿਟੇਨ ਵਿੱਚ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਕਾਨੂੰਨੀ ਕਾਰਵਾਈ



ਲੰਡਨ, 17 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਿੰਸ ਹੈਰੀ, ਜੋ ਆਪਣੀ ਪਤਨੀ ਮੇਗਨ ਮਾਰਕਲ ਅਤੇ ਬੱਚਿਆਂ ਨਾਲ ਅਮਰੀਕਾ ਵਿੱਚ ਰਹਿੰਦੇ ਹਨ, ਗ੍ਰਹਿ ਦਫ਼ਤਰ ਦੇ ਆਪਣੇ ਦੌਰੇ ਦੌਰਾਨ ਆਪਣੇ ਐ ਆਪਣੇ ਪਰਵਾਰ ਲਈ ਪੁਲਸ ਸੁਰੱਖਿਆ ਲਈ ਭੁਗਤਾਨ ਕਰਨ ਤੋਂ ਰੋਕਣ ਉੱਤੇ ਕਾਨੂੰਨੀ ਕਾਰਵਾਈ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਅੱਜਕੱਲ੍ਹ ਪ੍ਰਿੰਸ ਹੈਰੀ ਆਪਣੀ ਪਤਨੀ ਮੇਗਨ ਮਾਰਕਲ ਤੇ ਬੱਚਿਆਂ ਆਰਚੀ ਅਤੇ ਲਿਲੀਬੇਟ ਨਾਲ ਅਮਰੀਕਾ ਵਿੱਚ ਰਹਿੰਦੇ ਹਨ। ਪ੍ਰਿੰਸ ਹੈਰੀ ਨੂੰ 2020 ਵਿੱਚ ਸ਼ਾਹੀ ਫਰਜ਼ਾਂ ਤੋਂ ਮੁਕਤ ਕਰ ਦਿੱਤਾ ਗਿਆ ਸੀ। ਉਹ ਬ੍ਰਿਟੇਨ ਦੀ ਯਾਤਰਾ ਦੌਰਾਨ ਆਪਣੇ ਪਰਵਾਰ ਦੀ ਸੁਰੱਖਿਆ ਲਈ ਖ਼ੁਦ ਭੁਗਤਾਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਨਹੀਂ ਚਾਹੁੰਦੇ ਸ਼ਾਹੀ ਪਰਵਾਰ ਦੇ ਇੱਕ ਸੀਨੀਅਰ ਮੈਂਬਰ ਵਜੋਂ ਉਸ ਦੇ ਰੁਤਬੇ ਤੋਂ ਮੁਕਤ ਹੋਣ ਤੋਂ ਬਾਅਦ ਬ੍ਰਿਟਿਸ਼ ਟੈਕਸਦਾਤਾ ਲੋਕ ਉਨ੍ਹਾਂ ਦਾ ਖਰਚਾ ਚੁੱਕਣ। ਹੈਰੀ ਦੇ ਕਾਨੂੰਨੀ ਪ੍ਰਤੀਨਿਧੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਯੂ ਕੇ ਹਮੇਸ਼ਾ ਪ੍ਰਿੰਸ ਹੈਰੀ ਦਾ ਘਰ ਰਹੇਗਾ ਅਤੇ ਦੇਸ਼ ਚਾਹੁੰਦਾ ਹੈ ਕਿ ਉਸਦੀ ਪਤਨੀ ਅਤੇ ਬੱਚੇ ਸੁਰੱਖਿਅਤ ਰਹਿਣ। ਇਸ ਵਿੱਚ ਕਿਹਾ ਗਿਆ ਹੈ ਕਿ ਪੁਲਸ ਸੁਰੱਖਿਆ ਦੀ ਘਾਟ ਦੇ ਨਾਲ ਇੱਕ ਨਿੱਜੀ ਖਤਰਾ ਬਹੁਤ ਵੱਡਾ ਹੈ। ਸਸੇਕਸ ਦੇ ਡਿਊਕ ਹੈਰੀ ਅਤੇ ਡਚੇਸ ਮਾਰਗਨ ਆਪਣੇ ਪਰਵਾਰਾਂ ਦੀ ਨਿੱਜੀ ਸੁਰੱਖਿਆ ਲਈ ਨਿੱਜੀ ਤੌਰ ਉੱਤੇ ਭੁਗਤਾਨ ਕਰਨਾ ਚਾਹੁੰਦੇ ਹਨ।

# ਪਿਛਲੇ 21 ਮਹੀਨਿਆਂ ਵਿੱਚ 147 ਲੱਖ ਬੱਚਿਆਂ ਨੇ ਮਾਂ ਜਾਂ ਬਾਪ ਜਾਂ ਦੋਵੇਂ ਗੁਆ ਲਏ



ਨਵੀਂ ਦਿੱਲੀ, 17 ਜਨਵਰੀ (ਪੋਸਟ ਬਿਊਰੋ)- ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਐਨ ਸੀ ਪੀ ਸੀ ਆਰ) ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਇੱਕ ਅਪ੍ਰੈਲ 2020 ਤੋਂ 11 ਜਨਵਰੀ 2022 ਤਕ 1,47,492 ਬੱਚਿਆਂ ਨੇ ਕੋਰੋਨਾ ਜਾਂ ਹੋਰ ਕਾਰਨਾਂ ਕਰ ਕੇ ਆਪਣੇ ਮਾਂ ਜਾਂ ਬਾਪ ਜਾਂ ਦੋਵਾਂ ਨੂੰ ਗੁਆ ਦਿੱਤਾ ਹੈ।

ਕੋਰੋਨਾ ਮਹਾਮਾਰੀ ਦੇ ਦੌਰਾਨ ਮਾਤਾ-ਪਿਤਾ ਨੂੰ ਗੁਆਉਣ ਕਾਰਨ ਬੱਚਿਆਂ ਨੂੰ ਦੇਖਭਾਲ ਤੇ ਸਾਂਭ-ਸੰਭਾਲ ਦੀ ਲੋੜ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਬੱਚਿਆਂ ਬਾਰੇ ਕਮਿਸ਼ਨ (ਐਨ ਸੀ ਪੀ ਸੀ ਆਰ) ਨੇ ਵਕੀਲ ਸਵਰੂਪਮਾ ਚਤੁਰਵੇਦੀ ਦੇ ਰਾਹੀਂਐਫੀਡੇਵਿਟਦੇ ਕੇ ਦੱਸਿਆ ਕਿ ਇਹ ਅੰਕੜੇ ਰਾਜਾਂਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵੱਲੋਂ ਉਸ ਦੇ ਬਾਲ ਸਵਰਾਜ ਪੋਰਟਰ-ਕੋਵਿਡ ਕੇਅਰ ਉੱਤੇ ਅਪਲੋਡ ਅੰਕੜਿਆਂ ਉੱਤੇ ਆਧਾਰਤ ਹਨ।ਕਮਿਸ਼ਨ ਦੇ ਮੁਤਾਬਕ ਇਨ੍ਹਾਂ ਵਿੱਚੋਂ 10094 ਬੱਚੇ ਪੂਰੀ ਤਰ੍ਹਾਂ ਅਨਾਥ ਹੋਏ ਹਨ, 136492 ਬੱਚਿਆਂ ਨੇ ਮਾਂ ਜਾਂ ਬਾਪ ਗੁਆ ਲਿਆ ਅਤੇ 488 ਬੱਚਿਆਂ ਨੂੰ ਲਾਵਾਰਸ ਛੱਡ ਦਿੱਤਾ ਗਿਆ ਹੈ। ਲਿੰਗਕ ਆਧਾਰ ਉੱਤੇ ਕਮਿਸ਼ਨ ਨੇ ਦੱਸਿਆ ਕਿ ਇਨ੍ਹਾਂ ਵਿੱਚ 76,508 ਮੁੰਡੇ, 70,980 ਕੁੜੀਆਂ ਤੇ ਚਾਰ ਟਰਾਂਸਜੈਂਡਰ ਹਨ। ਇਨ੍ਹਾਂ ਵਿੱਚੋਂ 59,010 ਬੱਚੇ 8-13 ਸਾਲ, 22,763 ਬੱਚੇ 14-15 ਸਾਲ, 22,628 ਬੱਚੇ 16-18 ਸਾਲ ਅਤੇ 26080 ਬੱਚੇ ਚਾਰ ਤੋਂ ਸੱਤ ਸਾਲ ਉਮਰ ਦੇ ਹਨ। ਕਮਿਸ਼ਨ ਨੇ ਦੱਸਿਆ ਕਿ 1,25,205 ਬੱਚੇ ਆਪਣੇ ਮਾਤਾ ਜਾਂ ਪਿਤਾ ਨਾਲ 11,272 ਬੱਚੇ ਆਪਣੇ ਪਰਵਾਰ ਦੇ ਮੈਂਬਰਾਂ ਨਾਲ 8450 ਬੱਚੇ ਰਿਸ਼ਤੇਦਾਰਾਂ ਨਾਲ 1529 ਬੱਚੇ ਬਾਲਘਰਾਂ, 19 ਖੁੱਲ੍ਹੇ ਆਸ਼ਰਮਾਂ, ਦੋ ਨਿਗਰਾਨੀ ਘਰਾਂ, 188 ਅਨਾਥ ਆਸ਼ਰਮਾਂ, 66 ਵਿਸ਼ੇਸ਼ ਗੋਦ ਲੈਣ ਵਾਲੀਆਂ ਏਜੰਸੀਆਂ ਤੇ 39 ਹੋਸਟਲਾਂ ਵਿੱਚ ਰਹਿ ਰਹੇ ਹਨ। ਇਨ੍ਹਾਂ ਬੱਚਿਆ ਦਾ ਸੂਬੇਵਾਰ ਵੇਰਵਾ ਦਿੰਦਿਆਂ ਕਮਿਸ਼ਨ ਨੇ ਕਿਹਾ ਕਿ ਇਨ੍ਹਾਂ ਵਿੱਚ ਸਭ ਤੋਂ ਵੱਧ 24405 ਬੱਚੇ ਓੜੀਸਾ, 19623 ਮਹਾਰਾਸ਼ਟਰ, 14770 ਗੁਜਰਾਤ, 11014 ਤਾਮਿਲ ਨਾਡੂ, 9247 ਉਤਰ ਪ੍ਰਦੇਸ਼, 8760 ਆਂਧਰਾ ਪ੍ਰਦੇਸ਼, 7340 ਮੱਧ ਪ੍ਰਦੇਸ਼, 6835 ਬੰਗਾਲ, 6629 ਦਿੱਲੀ ਤੇ 6829 ਬੱਚੇ ਰਾਜਸਥਾਨ ਦੇ ਹਨ। ਐਨ ਸੀ ਪੀ ਸੀ ਆਰ ਨੇ ਇਹ ਵੀ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਲਈ ਕਦਮ ਚੁੱਕ ਰਿਹਾ ਹੈ ਕਿ ਮਹਾਮਾਰੀ ਦੌਰਾਨ ਬੱਚੇ ਬਿਲਕੁਲ ਪ੍ਰਭਾਵਤ ਨਾ ਹੋਣ ਜਾਂ ਘੱਟ ਤੋਂ ਘੱਟ ਪ੍ਰਭਾਵਤ ਹੋਣ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
0119I-9779100149



# ਕੀ ਤੁਸੀਂ ਕਰਜ਼ੇ ਵਿੱਚ ਹੋ?



ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION



ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਨਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਨਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST

- -Credit Card Debts
- -Personal Loans
- -Pay Day Loans
- -Student Loans

- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON




34 Winterfold Dr

CREDITVIEW & BOVAIRD
(MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017